1-SEP-PAGE-1.qxd 8/31/2023 10:03 PM Page 1

ਸ਼ੁੱਕਰਵਾਰ, 1 ਸਤੰਬਰ, 2023
16 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 91

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • FRIDAY, 1 SEPTEMBER, 2023 ਜਲੰਧਰ You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕੇਂਦਰ ਨੇ 18 ਤੋਂ 22 ਤੱਕ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਿਆ

**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਿਆ ਹੈ। 18 ਤੋਂ 22 ਸਤੰਬਰ ਵਿਚਾਲੇ ਬੁਲਾਏ ਗਏ ਵਿਸ਼ੇਸ਼ ਸੈਸ਼ਨ 'ਚ ਕੁੱਲ ਪੰਜ ਬੈਠਕਾਂ ਹੋਣਗੀਆਂ, ਪਰ ਇਸ ਵਿਸ਼ੇਸ਼ ਸੈਸ਼ਨ ਦੇ ਏਜੰਡੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਹ 17ਵੀਂ ਲੋਕ ਸਭਾ ਦਾ 13ਵਾਂ ਸੈਸ਼ਨ ਅਤੇ ਰਾਜ ਸਭਾ ਦਾ 261ਵਾਂ ਸੈਸ਼ਨ ਹੋਵੇਗਾ। ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਵੀਰਵਾਰ ਸੋਸ਼ਲ ਮੀਡੀਆ 'ਤੇ ਦੱਸਿਆ ਕਿ ਅੰਮ੍ਰਿਤ ਕਾਲ ਵਿਚਾਲੇ ਸੰਸਦ 'ਚ ਸਾਰਥਕ ਚਰਚਾ ਅਤੇ ਬਹਿਸ ਦਾ ਇੰਤਜ਼ਾਰ ਕਰ ਰਹੇ ਹਾਂ। ਅਚਾਨਕ ਬੁਲਾਏ ਗਏ ਵਿਸ਼ੇਸ਼ ਸੈਸ਼ਨ ਦੀ ਵਜ੍ਹਾ ਕਾਰਨ ਚਰਚਾ ਸ਼ੁਰੂ ਹੋ ਗਈ ਹੈ ਕਿ ਆਖਰ ਪੰਜ ਦਿਨ ਤੱਕ ਚੱਲਣ ਵਾਲੀ ਸੰਸਦ ਦੀ ਕਾਰਵਾਈ 'ਚ ਕੀ ਹੋਣ ਵਾਲਾ ਹੈ ? ਕੀ ਸਰਕਾਰ ਵੱਲੋਂ ਕੋਈ ਅਹਿਮ ਬਿੱਲ ਪੇਸ਼ ਹੋਵੇਗਾ ਜਾਂ ਫਿਰ ਇਹ ਨਵੇਂ ਸੰਸਦ ਭਵਨ ਨਾਲ ਜੁੜਿਆ ਹੋਇਆ ਹੈ। ਇਸ ਤੋਂ ਪਹਿਲਾਂ ਸੰਸਦ ਦਾ ਮਾਨਸੂਨ ਸੈਸ਼ਨ 20 ਜੁਲਾਈ ਤੋਂ ਸ਼ੁਰੂ ਹੋ ਕੇ 11 ਅਗਸਤ ਤੱਕ ਚੱਲਿਆ ਸੀ।

ਕਾਂਗਰਸ ਨੇ ਸਰਕਾਰ ਵੱਲੋਂ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੇ ਫੈਸਲੇ ਤੋਂ ਬਾਅਦ ਦੋਸ਼ ਲਾਇਆ ਕਿ ਅਡਾਨੀ ਸਮੂਹ ਖਿਲਾਫ਼ ਨਵੇਂ ਖੁਲਾਸੇ ਅਤੇ ਵਿਰੋਧੀ ਦਲਾਂ ਦੀ ਮੀਟਿੰਗ ਦੇ ਚਲਦੇ ਨਿਊਜ਼ ਮੈਨੇਜਮੈਂਟ ਕਰਨ ਦੀ ਕਵਾਇਦ ਦੇ ਤਹਿਤ ਵਿਸ਼ੇਸ਼ ਸੈਸ਼ਨ ਦਾ ਐਲਾਨ ਕੀਤਾ ਗਿਆ ਹੈ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਵੀ ਕਿਹਾ ਕਿ ਇਸ ਵਿਸ਼ੇਸ਼ ਸੈਸ਼ਨ ਦੌਰਾਨ ਅਡਾਨੀ ਸਮੂਹ ਦੇ ਮਾਮਲੇ 'ਚ ਜੇ ਪੀ ਸੀ ਦੀ ਜਾਂਚ ਦੀ ਮੰਗ ਸਦਨ ਦੇ ਅੰਦਰ ਅਤੇ ਬਾਹਰ ਜਾਰੀ ਰਹੇਗੀ।

## ਸਾਊਥ ਅਫਰੀਕਾ : ਬਿਲਡਿੰਗ 'ਚ ਅੱਗ, 73 ਮੌਤਾਂ

**ਜੌਹਨਸਬਰਗ :** ਸਾਊਥ ਅਫਰੀਕਾ ਦੇ ਜੌਹਨਸਬਰਗ 'ਚ ਇੱਕ 5 ਮੰਜ਼ਲਾ ਇਮਾਰਤ 'ਚ ਅੱਗ ਲੱਗਣ ਨਾਲ 73 ਲੋਕਾਂ ਦੀ ਮੌਤ ਹੋ ਗਈ। ਇਸ 'ਚ ਇੱਕ ਬੱਚਾ ਵੀ ਸ਼ਾਮਲ ਹੈ। ਰਿਪੋਰਟ ਮੁਤਾਬਕ 43 ਲੋਕ ਜ਼ਖ਼ਮੀ ਹੋਏ ਹਨ। ਮ੍ਰਿਤਕਾਂ ਦਾ ਅੰਕੜਾ ਹੋਰ ਵਧਣ ਦਾ ਖਦਸ਼ਾ ਹੈ। ਭਾਰਤੀ ਸਮੇਂ ਅਨੁਸਾਰ ਅੱਗ ਸਵੇਰੇ 5 ਵਜੇ ਲੱਗੀ। ਅਧਿਕਾਰੀਆਂ ਨੇ ਕਿਹਾ ਕਿ ਅੱਗ ਨੂੰ ਕਾਫ਼ੀ ਹੱਦ ਤੱਕ ਬੁਝਾ ਲਿਆ ਗਿਆ। ਜਿਸ ਮਲਟੀ ਸਟੋਰੀ ਬਿਲਡਿੰਗ 'ਚ ਅੱਗ ਲੱਗੀ, ਇਸ 'ਚ ਕਰੀਬ 200 ਬੇਘਰ ਲੋਕ ਬਿਨਾਂ ਇਜਾਜ਼ਤ ਦੇ ਰਹਿ ਰਹੇ ਸਨ।

## ਮਨੀਪੁਰ 'ਚ ਹਿੰਸਾ, 2 ਦੀ ਮੌਤ

**ਇੰਫਾਲ :** ਮਨੀਪੁਰ 'ਚ ਹੋਈ ਤਾਜ਼ਾ ਗੋਲੀਬਾਰੀ ਦੀ ਘਟਨਾ 'ਚ ਜ਼ਖ਼ਮੀ ਦੋ ਲੋਕਾਂ ਦੀ ਮੌਤ ਹੋ ਗਈ। ਵੀਰਵਾਰ ਸਵੇਰੇ ਵਿਸ਼ਣੂਪੁਰ ਜ਼ਿਲ੍ਹੇ ਦੇ ਖੋਈਰੇਂਟਕ ਤਲਹਟੀ ਅਤੇ ਚੁਰਾਚਾਂਦਪੁਰ ਜ਼ਿਲ੍ਹੇ ਦੇ ਚਿੰਗਫੇਈ ਅਤੇ ਖੌਸਾਬੁੰਗ ਇਲਾਕੇ 'ਚ ਦੋ ਸਮੂਹਾਂ ਵਿਚਾਲੇ ਫਿਰ ਗੋਲੀਬਾਰੀ ਹੋਈ। ਅਧਿਕਾਰੀਆਂ ਮੁਤਾਬਿਕ ਗੋਲੀਬਾਰੀ ਦੀ ਘਟਨਾ ਬੁੱਧਵਾਰ ਸ਼ਾਮ ਤੋਂ ਕੁਝ ਘੰਟੇ ਦੀ ਸ਼ਾਂਤੀ ਤੋਂ ਬਾਅਦ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਇਸ ਹਿੰਸਾ 'ਚ ਸਿਰ 'ਚ ਛਰ੍ਹੇ ਲੱਗਣ ਕਾਰਨ ਜ਼ਖ਼ਮੀ ਇੱਕ ਵਿਅਕਤੀ ਦੀ ਮਿਜ਼ੋਰਮ ਦੇ ਰਸਤੇ ਗੁਹਾਟੀ ਲਿਜਾਂਦੇ ਸਮੇਂ ਮੌਤ ਹੋ ਗਈ।

# ਦੇਸ਼ ਦਾ ਪੈਸਾ ਬਾਹਰ ਭੇਜਿਆ ਜਾ ਰਿਹੈ : ਰਾਹੁਲ

**ਮੁੰਬਈ :** ਕਾਂਗਰਸ ਨੇ ਵੀਰਵਾਰ ਸੰਗਠਿਤ ਅਪਰਾਧ ਅਤੇ ਭ੍ਰਿਸ਼ਟਾਚਾਰ ਰਿਪੋਰਟ ਪ੍ਰੋਜੈਕਟ ਵੱਲੋਂ ਅਡਾਨੀ ਗਰੁੱਪ ਖਿਲਾਫ਼ ਨਵੇਂ ਦੋਸ਼ਾਂ ਨੂੰ ਲੈ ਕੇ ਮੋਦੀ ਸਰਕਾਰ 'ਤੇ ਨਿਸ਼ਾਨਾ ਲਾਇਆ। ਪ੍ਰੈੱਸ ਕਾਨਫਰੰਸ ਕਰਕੇ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਅਡਾਨੀ ਗਰੁੱਪ 'ਤੇ ਨਵੇਂ ਦੋਸ਼ ਲਾਏ। ਰਾਹੁਲ ਤੋਂ ਵਿਸ਼ੇਸ਼ ਸੰਸਦ ਸੈਸ਼ਨ 'ਤੇ ਪੁੱਛੇ ਜਾਣ 'ਤੇ ਉਨ੍ਹਾ ਕਿਹਾ, 'ਮੈਨੂੰ ਲੱਗਦਾ ਹੈ ਕਿ ਸ਼ਾਇਦ ਥੋੜ੍ਹੀ ਘਬਰਾਹਟ ਦਾ ਸੰਕੇਤ ਹੈ। ਉਸੇ ਤਰ੍ਹਾਂ ਦੀ ਘਬਰਾਹਟ, ਜੋ ਉਦੋਂ ਹੋਈ ਸੀ, ਜਦੋਂ ਸੰਸਦ ਭਵਨ 'ਚ ਗੱਲ ਕੀਤੀ ਸੀ, ਘਬਰਾਹਟ ਕਾਰਨ ਅਚਾਨਕ ਮੇਰੀ ਸਾਂਸਦ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ। ਮੈਨੂੰ ਲੱਗਦਾ ਹੈ ਕਿ ਇਹ ਘਬਰਾਹਟ ਦੀ ਗੱਲ ਹੈ, ਕਿਉਂਕਿ ਇਹ ਮਾਮਲਾ ਪ੍ਰਧਾਨ ਮੰਤਰੀ ਦੇ ਬਹੁਤ ਨੇੜੇ ਹੈ। ਜਦ ਵੀ ਅਡਾਨੀ ਮਾਮਲਾ ਸਾਹਮਣੇ ਆਉਂਦਾ ਤਾਂ ਪ੍ਰਧਾਨ ਮੰਤਰੀ

● ਬਾਕੀ ਸਫ਼ਾ 2 'ਤੇ

## ਸ਼ੈੱਲ ਕੰਪਨੀਆਂ 'ਚ 20 ਹਜ਼ਾਰ ਕਰੋੜ ਕਿਸ ਦਾ : ਜੈਰਾਮ ਰਮੇਸ਼

**ਨਵੀਂ ਦਿੱਲੀ :** ਕਾਂਗਰਸ ਸਾਂਸਦ ਜੈਰਾਮ ਰਮੇਸ਼ ਨੇ ਪ੍ਰੈੱਸ ਕਾਨਫਰੰਸ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਗੌਤਮ ਅਡਾਨੀ ਦੇ ਕਥਿਤ ਰਿਸ਼ਤੇ 'ਤੇ ਸਵਾਲ ਉਠਾਏ ਹਨ। ਜੈਰਾਮ ਰਮੇਸ਼ ਨੇ ਦੋਸ਼ ਲਾਉਂਦੇ ਕਿਹਾ, '28 ਜਨਵਰੀ ਤੋਂ 28 ਮਾਰਚ ਤੱਕ ਕਾਗਰਸ ਪਾਰਟੀ ਨੇ ਅਡਾਨੀ ਨੂੰ ਲੈ ਕੇ ਪ੍ਰਧਾਨ ਮੰਤਰੀ ਤੋਂ 100 ਸਵਾਲ ਪੁੱਛੇ। ਸਾਨੂੰ ਕੋਈ ਜਾਣਕਾਰੀ ਨਹੀਂ ਕਿ ਅਡਾਨੀ ਦੀ ਸ਼ੈੱਲ ਕੰਪਨੀਆਂ 'ਚ 20,000 ਕਰੋੜ ਰੁਪਏ ਦਾ ਮਾਲਕ

● ਬਾਕੀ ਸਫ਼ਾ 2 'ਤੇ

## ਓ ਸੀ ਸੀ ਆਰ ਪੀ ਰਿਪੋਰਟ ਤੋਂ ਬਾਅਦ ਤਿੰਨ ਘੰਟੇ 'ਚ ਅਡਾਨੀ ਗਰੁੱਪ ਦੇ 35000 ਕਰੋੜ ਸੁਆਹ

**ਨਵੀਂ ਦਿੱਲੀ :** ਗੌਤਮ ਅਡਾਨੀ ਦੀ ਅਗਵਾਈ ਵਾਲੇ ਅਡਾਨੀ ਗਰੁੱਪ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਹਿੰਡਨਬਰਗ ਤੋਂ ਬਾਅਦ ਹੁਣ ਇੱਕ ਹੋਰ ਰਿਪੋਰਟ ਨੇ ਅਡਾਨੀ ਗਰੁੱਪ 'ਚ ਨਿਵੇਸ਼ ਦੇ ਤਰੀਕੇ 'ਤੇ ਸਵਾਲ ਉਠਾਏ। ਇੱਕ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਅਡਾਨੀ ਗਰੁੱਪ ਨੇ ਚਾਲਬਾਜ਼ੀ ਨਾਲ ਖੁਦ ਆਪਣੇ ਸ਼ੇਅਰਾਂ ਨੂੰ ਖਰੀਦ ਕੇ ਘਰੇਲੂ ਬਾਜ਼ਾਰ 'ਚ

● ਬਾਕੀ ਸਫ਼ਾ 2 'ਤੇ

## ਜੰਮੂ-ਕਸ਼ਮੀਰ 'ਚ ਕਿਸੇ ਸਮੇਂ ਵੀ ਹੋ ਸਕਦੀਆਂ ਚੋਣਾਂ, ਸੁਪਰੀਮ ਕੋਰਟ 'ਚ ਕੇਂਦਰ ਨੇ ਕਿਹਾ

**ਨਵੀਂ ਦਿੱਲੀ :** ਜੰਮੂ-ਕਸ਼ਮੀਰ 'ਚ ਧਾਰਾ 370 'ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਵੀਰਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਜੰਮੂ-ਕਸ਼ਮੀਰ 'ਚ ਕਿਸੇ ਵੀ ਸਮੇਂ ਚੋਣਾਂ ਲਈ ਉਹ ਤਿਆਰ ਹੈ। ਸਰਕਾਰ ਵੱਲੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸੂਬੇ 'ਚ ਵੋਟਾਂ ਦੀ ਸੂਚੀ ਨੂੰ ਅਪਡੇਟ ਕਰਨ ਦੀ ਪ੍ਰਕਿਰਿਆ ਕਾਫ਼ੀ ਹੱਦ ਤੱਕ ਪੂਰੀ ਹੋ ਚੁੱਕੀ ਹੈ ਅਤੇ ਇਸ ਨੂੰ ਤਿਆਰ ਹੋਣ 'ਚ ਇੱਕ ਮਹੀਨੇ ਦਾ ਸਮਾਂ ਲੱਗੇਗਾ। ਮਹਿਤਾ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਪੰਚਾਇਤ ਚੋਣਾਂ ਅਤੇ ਨਗਰ ਨਿਗਮ ਚੋਣਾਂ ਤੋਂ

**ਸੂਬੇ ਦਾ ਦਰਜਾ ਦੇਣ ਦਾ ਸਮਾਂ ਦੱਸਣ ਤੋਂ ਕੀਤਾ ਇਨਕਾਰ**

● ਬਾਕੀ ਸਫ਼ਾ 2 'ਤੇ

# ਐਸਮਾ ਲਾਉਣਾ ਗਲਤ : ਬਰਾੜ

### ਸਰਕਾਰ ਯੂਨੀਅਨਾਂ ਨਾਲ ਗੱਲਬਾਤ ਦਾ ਰਾਹ ਅਪਣਾਏ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮਾਲ ਮਹਿਕਮੇ ਅਤੇ ਡੀ ਸੀ ਦਫਤਰਾਂ ਦੇ ਮੁਲਾਜ਼ਮਾਂ ਵੱਲੋਂ ਤਜਵੀਜ਼ਤ ਹੜਤਾਲ ਨੂੰ ਕੁਚਲਣ ਲਈ ਪੰਜਾਬ ਸਰਕਾਰ ਵੱਲੋਂ ਲਾਏ ਗਏ ਐਸਮਾ ਕਾਨੂੰਨ ਦੀ ਪੰਜਾਬ ਸੀ ਪੀ ਆਈ ਨੇ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ 'ਤੇ ਅਮਲ ਨੂੰ ਤੁਰੰਤ ਰੋਕਣ ਦੀ ਅਪੀਲ ਕੀਤੀ ਹੈ। ਯੂਨੀਅਨਾਂ ਵੱਲੋਂ ਉਲੀਕੇ ਗਏ ਪੁਰਅਮਨ ਐਕਸ਼ਨ ਪ੍ਰੋਗਰਾਮ ਅਤੇ ਮੁੱਖ ਮੰਤਰੀ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਅਤੇ ਐਸਮਾ ਲਾਗੂ ਕਰਨ ਦਾ ਨੋਟਿਸ ਲੈਂਦਿਆਂ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਯੂਨੀਅਨਾਂ ਦੇ ਆਗੂਆਂ ਵੱਲੋਂ ਦਿੱਤੇ ਗਏ ਬਿਆਨਾਂ ਦੇ ਹਵਾਲੇ ਨਾਲ ਆਖਿਆ ਹੈ ਕਿ ਸਾਰੇ ਮਹਿਕਮਿਆਂ 'ਚ ਠੇਕੇ ਅਤੇ ਆਊਟ-ਸੋਰਸਿੰਗ ਦੇ ਕਰਮਚਾਰੀਆਂ ਨੂੰ ਨਿਗੂਣੀਆਂ ਜਿਹੀਆਂ ਉਜਰਤਾਂ ਦੇ ਕੇ ਉਹਨਾਂ ਦੀ ਚਿਰਾਂ ਤੋਂ ਹੁੰਦੀ ਲੁੱਟ-ਖਸੁੱਟ ਖਤਮ ਕਰਨ, ਖਾਲੀ ਅਸਾਮੀਆਂ ਪੁਰ ਕਰਨ ਦੀ ਬਜਾਏ ਸਰਕਾਰ ਨੇ ਉਹਨਾਂ ਵਿਰੁੱਧ ਗੈਰ-ਜਮਹੂਰੀ ਐਕਸ਼ਨ ਅਤੇ ਤਸ਼ੱਦਦ ਦਾ ਰਾਹ ਅਪਣਾਇਆ ਜਾਪਦਾ ਹੈ।

ਜਿੱਥੋਂ ਤੱਕ ਭ੍ਰਿਸ਼ਟਾਚਾਰ ਦਾ ਸੰਬੰਧ ਹੈ, ਪੰਜਾਬ ਸੀ ਪੀ ਆਈ ਨੇ ਕਿਹਾ ਕਿ ਸਾਰੀਆਂ ਜਮਹੂਰੀ ਸ਼ਕਤੀਆਂ ਅਤੇ ਆਮ ਜਨਤਾ ਇਸ ਦੀ ਬੁਰੀ ਤਰ੍ਹਾਂ ਸ਼ਿਕਾਰ ਹੋ ਰਹੀ ਹੈ ਅਤੇ ਇਸ ਦੇ ਖਾਤਮੇ ਲਈ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੁੰਦੀ ਹੈ ਅਤੇ ਸਰਕਾਰ ਨੂੰ ਆਪਣੇ

● ਬਾਕੀ ਸਫ਼ਾ 2 'ਤੇ

## ਸਰਕਾਰ ਨੇ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਲਿਆ ਵਾਪਸ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਸਾਰੀਆਂ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ। ਸੂਬਾ ਸਰਕਾਰ ਅਗਲੇ ਇੱਕ-ਦੋ ਦਿਨ 'ਚ ਨੋਟੀਫਿਕੇਸ਼ਨ ਵਾਪਸ ਲੈ ਲਵੇਗੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਰਵੀ ਸ਼ੰਕਰ ਝਾਅ ਦੀ ਅਗਵਾਈ ਵਾਲੇ ਬੈਂਚ ਅੱਗੇ ਪੇਸ਼ ਹੋ ਕੇ ਪੰਜਾਬ ਦੇ ਐਡਵੋਕੇਟ ਜਨਰਲ ਵਿਨੋਦ ਘਈ ਨੇ ਕਿਹਾ ਕਿ ਅਗਲੇ ਦੋ ਦਿਨਾਂ 'ਚ ਨੋਟੀਫਿਕੇਸ਼ਨ ਵਾਪਸ ਲੈ ਲਿਆ ਜਾਵੇਗਾ। ਇਸ ਤੋਂ ਬਾਅਦ ਪੰਚਾਇਤਾਂ ਬਹਾਲ ਕਰ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਵਲੋਂ ਪੰਚਾਇਤਾਂ ਭੰਗ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਇਸ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ

● ਬਾਕੀ ਸਫ਼ਾ 2 'ਤੇ

## ਇਲਤਜ਼ਾ ਨੂੰ ਮਹਿਬੂਬਾ ਦਾ ਮੀਡੀਆ ਸਲਾਹਕਾਰ ਲਾਇਆ

**ਸ੍ਰੀਨਗਰ :** ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ) ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਦੀ ਬੇਟੀ ਇਲਤਜ਼ਾ ਮੁਫ਼ਤੀ ਨੇ ਰਾਜਨੀਤੀ 'ਚ ਰਸਮੀ ਤੌਰ 'ਤੇ ਕਦਮ ਰੱਖਿਆ ਹੈ। ਚਾਰ ਸਾਲ ਤੱਕ ਆਪਣੀ ਮਾਂ ਦਾ ਸੋਸ਼ਲ ਮੀਡਆ ਅਕਾਊਂਟ ਚਲਾਉਣ ਤੋਂ ਬਾਅਦ ਇਲਤਜ਼ਾ ਨੂੰ ਆਪਣੀ ਹੀ ਮਾਂ ਅਤੇ ਪੀ ਡੀ ਪੀ ਪ੍ਰਮੁੱਖ ਮਹਿਬੂਬਾ ਮੁਫ਼ਤੀ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। 35 ਸਾਲਾ ਇਲਤਜ਼ਾ ਦੀ ਨਿਯੁਕਤੀ ਦਾ ਫੈਸਲਾ

● ਬਾਕੀ ਸਫ਼ਾ 2 'ਤੇ

# ਮੋਦੀ ਹਕੂਮਤ ਨੂੰ ਚਲਦਾ ਕਰਨ 'ਚ ਹੀ ਕਿਰਤੀ ਲੋਕਾਂ ਦੀ ਭਲਾਈ : ਜਗਰੂਪ

### ਨਰੇਗਾ ਕਾਮਿਆਂ ਨਾਲ ਬੇਇਨਸਾਫੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ : ਗਦਾਈਆ, ਖੋਸਾ



**ਮੋਗਾ (ਅਮਰਜੀਤ ਬੱਬਰੀ)**-ਕੇਂਦਰ ਦੀ ਮੋਦੀ ਹਕੂਮਤ ਨੂੰ ਚਲਦਾ ਕਰਨ ਵਿੱਚ ਹੀ ਦੇਸ਼ ਦੇ ਕਿਰਤੀ ਲੋਕਾਂ ਦੀ ਭਲਾਈ ਹੈ, ਇਸ ਲਈ ਦੇਸ ਦੇ ਕਾਮਿਆਂ ਨੂੰ ਆਪਣੀਆਂ ਜਥੇਬੰਦੀਆਂ ਨੂੰ ਮਜ਼ਬੂਤ ਕਰਕੇ ਕਿਰਤੀ ਲੋਕਾਂ ਨੂੰ ਸਿਆਸੀ ਸੂਝਬੂਝ ਨਾਲ ਲੈਸ ਕਰਨਾ ਜ਼ਰੂਰੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਮੋਗਾ ਦੇ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਪਾਰਲੀਮੈਂਟ ਦਾ ਕਰਨਾ ਇੱਕ ਹੋਰ ਸੈਸ਼ਨ,
ਚੁਣ-ਚੁਣ ਮੁੱਦੇ ਫਿਰ ਹੋਊ ਵਿਚਾਰ ਬੇਲੀ।
ਵਿਰੋਧੀ ਧਿਰ ਨਹੀਂ ਜਾਣਦੀ ਹੋਊ ਫਿਰ ਕੀ,
ਜਾਣਦੀ ਏਜੰਡੇ ਨੂੰ ਸਿਰਫ ਸਰਕਾਰ ਬੇਲੀ।
ਚਰਚਾ ਮੀਡੀਏ ਅੰਦਰ ਪਈ ਨਵੀਂ ਸੁਣਦੀ,
ਬਹਿਸ ਲਈ ਮੁੱਦੇ ਨੇ ਪੰਜ ਜਾਂ ਚਾਰ ਬੇਲੀ।
ਲੋੜੀਂਦੇ ਮੈਂਬਰ ਸਰਕਾਰੀ ਨੇ ਬਹੁਤ ਸਾਰੇ,
ਸਕਦਾ ਠਿੱਬੀ ਨਹੀਂ ਕੋਈ ਵੀ ਮਾਰ ਬੇਲੀ।
ਲੱਗਿਆ ਫਿਕਰ ਫਿਰ ਹੋਊ ਵਿਰੋਧੀਆਂ ਨੂੰ,
ਪਤਾ ਨਹੀਂ ਹੋਣਾ ਕੀ ਚੋਣ ਨਜ਼ਦੀਕ ਬੇਲੀ।
ਆਉਂਦੀ ਬਾਹਰ ਵੀ ਕੋਈ ਤਾਂ ਬਾਤ ਓਨੀ,
ਜਿਹੜੀ ਕਰਦੀ ਸਰਕਾਰ ਆ ਲੀਕ ਬੇਲੀ।

-ਤੀਸ ਮਾਰ ਖਾਂ

## ਦਿੱਲੀ 'ਚ ਕਾਂਗਰਸ ਦੇ ਆਉਣਗੇ 'ਲਵਲੀ ਦਿਨ'!

**ਨਵੀਂ ਦਿੱਲੀ :** ਲੋਕ ਸਭਾ ਚੋਣਾਂ ਤੋਂ ਪਹਿਲਾ ਕਾਂਗਰਸ ਪਾਰਟੀ ਨੇ ਦਿੱਲੀ 'ਚ ਅਹਿਮ ਬਦਲਾਅ ਕੀਤੇ ਹਨ। ਕਰੀਬ 10 ਸਾਲ ਤੋਂ ਦਿੱਲੀ ਦੀ ਰਾਜਨੀਤੀ 'ਚ ਹਾਸ਼ੀਏ 'ਤੇ ਚਲੀ ਗਈ ਕਾਂਗਰਸ ਪਾਰਟੀ ਨੇ ਸ਼ੀਲਾ ਦੀਕਸ਼ਤ ਸਰਕਾਰ 'ਚ ਮੰਤਰੀ ਰਹੇ ਅਰਵਿੰਦਰ ਸਿੰਘ ਲਵਲੀ ਨੂੰ ਪ੍ਰਦੇਸ਼ ਪ੍ਰਧਾਨ ਬਣਾਇਆ ਹੈ। ਉਨ੍ਹਾ ਨੂੰ ਅਨਿਲ ਚੌਧਰੀ ਦੀ ਜਗ੍ਹਾ ਕਮਾਨ ਦਿੱਤੀ ਗਈ ਹੈ। ਅਰਵਿੰਦਰ ਨੂੰ ਕਪਤਾਨ ਬਣਾਏ ਜਾਣ ਨਾਲ ਕਾਂਗਰਸ ਨੂੰ ਪੁਰਾਣੇ ਅੱਛੇ ਦਿਨ ਵਾਪਸ ਆਉਣ ਦੀ ਆਸ ਹੈ। ਅਰਵਿੰਦਰ ਦੀ ਦਿੱਲੀ ਦੀ ਰਾਜਨੀਤੀ 'ਚ ਮਜ਼ਬੂਤ ਪਕੜ ਹੈ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੱਲੋਂ ਜਾਰੀ ਬਿਆਨ ਅਨੁਸਾਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਲਵਲੀ ਨੂੰ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਨਵਾਂ ਪ੍ਰਧਾਨ ਨਿਯੁਕਤ

● ਬਾਕੀ ਸਫ਼ਾ 2 'ਤੇ




# ਸੀਵਰੇਜ ਸਮੱਸਿਆ ਕਾਰਨ ਗੰਦੇ ਪਾਣੀ 'ਚ ਡੁੱਬ ਰਿਹਾ ਕਸਬਾ ਮਜੀਠਾ

**ਮਜੀਠਾ (ਸੋਇਮ ਆਨੰਦ)**- ਨਗਰ ਕੌਂਸਲ ਮਜੀਠਾ ਪਿਛਲੇ ਕਈ ਦਹਾਕਿਆਂ ਤੋਂ ਨਾਲੀਆਂ ਦੇ ਗੰਦੇ ਪਾਣੀ ਅਤੇ ਬਰਸਾਤੀ ਪਾਣੀ ਦੀ ਬਣੀ ਭਾਰੀ ਸਮੱਸਿਆ ਨਾਲ ਜੂਝ ਰਿਹਾ ਹੈ। ਸੀਵਰੇਜ ਸਿਸਟਮ ਬਿਲਕੁਲ ਫੇਲ੍ਹ ਹੈ ਤੇ ਪਿਛਲੇ ਕਈ ਦਹਾਕਿਆ ਤੋਂ ਬੰਦ ਪਿਆ ਹੈ । ਕਈ ਸਰਕਾਰਾਂ ਆਈਆਂ ਪਰ ਮਜੀਠਾ ਦਾ ਕੋਈ ਖਾਸ ਵਿਕਾਸ ਨਹੀਂ ਹੋਇਆ ਤੇ ਇਲੈਕਸ਼ਨਾਂ ਦੇ ਟਾਇਮ 'ਤੇ ਤੇਜ਼ੀ ਨਾਲ ਬਿਨਾਂ ਕਿਸੇ ਵਿਓਂਤ ਨਾਲ ਕੰਮ ਕਰਵਾਏ ਗਏ । ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਸਮੇਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਵੱਡੀਆਂ ਗਰਾਂਟਾਂ ਦੇ ਕੇ ਮਜੀਠਾ ਦਾ ਕੰਮ ਸ਼ੁਰੂ ਕਰਾਇਆ ਗਿਆ ਸੀ ਪਰ ਵਜ਼ਾਰਤ ਬਦਲਨ ਕਰਕੇ ਇਸ ਦਾ ਕੰਮ ਵਿਚਾਲੇ ਲਟਕ ਗਿਆ ਜਿਹੜਾ ਕਿ ਹੁਣ ਅਸਤ ਵਿਅਸਤ ਹੋ ਕੇ ਰਹਿ ਗਿਆ ਹੈ। ਕਸਬਾ ਮਜੀਠਾ ਦੇ ਬਜ਼ਾਰਾਂ ਅਤੇ ਗਲੀਆਂ ਨਾਲੀਆਂ ਤੇ ਨਾਲਿਆਂ ਦੀ ਲੰਮੇ ਸਮੇਂ ਤੋਂ ਠੀਕ ਢੰਗ ਨਾਲ ਸਫਾਈ ਨਹੀਂ ਕਰਾਈ ਗਈ ਜਿਸ ਕਾਰਨ ਮਜੀਠਾ ਦਾ ਸਾਰਾ ਨਿਕਾਸੀ ਤੇ ਗੰਦਾ ਪਾਣੀ ਗਲੀਆਂ ਬਜ਼ਾਰਾਂ 'ਚ ਫਿਰਦਾ ਰਹਿੰਦਾ ਹੈ ਜਿਸ ਕਾਰਨ ਆਉਣ ਜਾਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਮਜੀਠਾ ਦੇ ਖਾਸਾ ਪੱਤੀ ਇਲਾਕੇ ਵਿੱਚ ਸਤੀ ਮੰਦਰ ਅਤੇ ਸ਼ਮਸ਼ਾਨਘਾਟ ਜਾਣ ਵਾਲੇ ਰਸਤੇ ਵਿਚ ਸਫਾਈ ਨਾ ਹੋਣ ਕਾਰਨ ਪਾਣੀ ਖੜ੍ਹਾ ਰਹਿੰਦਾ ਹੈ। ਲੋਕ ਸ਼ਮਸ਼ਾਨਘਾਟ ਵਿਚ ਅਰਥੀ ਲਿਜਾਣ ਲਈ ਬਜ਼ਾਰ ਵਿਚ ਖੜ੍ਹੇ ਗੰਦੇ ਪਾਣੀ ਵਿੱਚੋਂ ਲੰਘ ਕੇ ਜਾਂਦੇ ਹਨ ਜਿਸ ਨਾਲ ਸ਼ਹਿਰ ਦੇ ਲੋਕਾਂ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਸਰਕਾਰੀ ਸਿਵਲ ਹਸਪਤਾਲ ਮਜੀਠਾ ਜਿਥੇ ਹਰ ਦਿਨ ਸੈਕੜੇ ਮਰੀਜ਼ਾਂ ਅਤੇ ਡਾਕਟਰਾਂ ਦਾ ਆਉਣ ਜਾਣ ਲੱਗਾ ਰਹਿੰਦਾ ਹੈ ਤੇ ਇਨਾਂ ਮਰੀਜ਼ਾਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਮਰੀਜ਼ ਰਸਤੇ ਬਦਲ ਕੇ ਹਸਪਤਾਲ ਪਹੁੰਚਦੇ ਹਨ । ਜਿਸ ਵੱਲ ਪ੍ਰਸ਼ਾਸਨ ਜਾਂ ਨਗਰ ਕੌਂਸਲ ਦਾ ਕੋਈ ਧਿਆਨ ਨਹੀਂ। ਦਾਣਾ ਮੰਡੀ ਮਜੀਠਾ ਲਾਗੇ ਪਿਛਲੇ ਕਰੀਬ 4 ਮਹੀਨੇ ਤੋਂ ਨਾਲੇ ਦਾ ਗੰਦਾ ਪਾਣੀ ਸੜਕ 'ਤੇ ਖੜ੍ਹਾ ਹੈ। ਨਗਰ ਕੌਂਸਲ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ । ਇਸ ਗੰਦੇ ਪਾਣੀ ਨਾਲ ਕਈ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ ਪਰ ਮਜੀਠਾ ਸ਼ਹਿਰ ਦਾ ਨਗਰ ਕੌਂਸਲ ਅਤੇ ਸਿਹਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਇਸ ਸੰਬੰਧੀ ਜਦ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਦਫਤਰ ਜਾ ਕੇ ਸੰਪਰਕ ਕਰਨਾ ਚਾਹਿਆ ਤਾਂ ਪਤਾ ਲੱਗਾ ਕਿ ਨਗਰ ਕੌਂਸਲ ਪਿਛਲੇ ਕਈ ਦਿਨਾਂ ਤੋਂ ਨਹੀਂ ਆ ਰਹੇ। ਇਸ ਸੰਬੰਧੀ ਜਦ ਕਾਰਜ ਸਾਧਕ ਅਫਸਰ ਰਣਬੀਰ ਸਿੰਘ ਵੜੈਚ ਨਾਲ ਫੋਨ 'ਤੇ ਸੰਪਰਕ ਕੀਤਾ ਤਾ ਉਨ੍ਹਾਂ ਕਿਹਾ ਕਿ ਨਿਕਾਸੀ ਨਾਲੀਆਂ ਅਤੇ ਨਾਲਿਆਂ ਨੂੰ ਜਲਦੀ ਹੀ ਸਾਫ ਕਰਵਾਇਆ ਜਾਵੇਗਾ।

# ਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਤੇ 7 ਸੌ ਰੁਪਏ ਦਿਹਾੜੀ ਦਿੱਤੀ ਜਾਵੇ : ਗੁਰਦਿਆਲ ਸਿੰਘ/ਨਾਗੋਕੇ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਪਿੰਡ ਕੀੜੀਸਾਹੀ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਤੇ ਕਮਲਜੀਤ ਸਿੰਘ ਨਾਗੋਕੇ ਜ਼ਿਲ੍ਹਾ ਮੀਤ ਪ੍ਰਧਾਨ ਨੇ ਕਿਹਾ ਕਿ ਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਤੇ 700 ਰੁਪਏ ਦਿਹਾੜੀ ਦਿੱਤੀ ਜਾਵੇ। ਉਨ੍ਹਾਂ ਕਿਹਾ ਪਿੰਡਾਂ ਦੇ ਧਨਾਢ ਲੋਕ ਨਰੇਗਾ ਕਾਮਿਆਂ ਨੂੰ ਕੰਮ ਚਲਾਉਣ 'ਚ ਅੜਿੱਕਾ ਬਣਦੇ ਹਨ। ਉਨ੍ਹਾਂ ਸਰਕਾਰ ਪਾਸੋਂ ਮੰਗ ਕੀਤੀ ਨਰੇਗਾ ਕਾਮਿਆਂ ਨੂੰ ਈ ਐਸ ਆਈ ਤਹਿਤ ਚੰਗੀਆਂ ਤੇ ਮਫਤ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ, ਮਜ਼ਦੂਰਾਂ ਨੂੰ 5-5 ਮਰਲੇ ਦੇ ਪਲਾਟ ਤੇ ਮਕਾਨ ਬਣਾਉਣ ਲਈ ਵਿਸ਼ੇਸ਼ ਗਰਾਂਟ ਦਿੱਤੀ ਜਾਵੇ, ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਮਜ਼ਦੂਰਾਂ ਨੂੰ ਵੀ ਦਿੱਤਾ ਜਾਵ, ਕਣਕ ਵਾਲੇ ਕੱਟੇ ਕਾਰਡ ਬਹਾਲ ਕੀਤੇ ਜਾਣ। ਉਨ੍ਹਾਂ ਤੋਂ ਇਲਾਵਾ ਜਸਵੰਤ ਸਿੰਘ ਖਡੂਰ ਸਹਿਬ, ਹਰਪ੍ਰੀਤ ਸਿੰਘ ਨਾਗੋਕੇ, ਭੁਪਿੰਦਰ ਸਿੰਘ ਨਾਗੋਕੇ ਆਦਿ ਸ਼ਾਮਲ ਸਨ। ਅਖੀਰ ਵਿੱਚ 11 ਮੈਂਬਰੀ ਪਿੰਡ ਕਮੇਟੀ ਚੁਣੀ ਗਈ ਜਿਸ ਵਿੱਚ ਜਸਵਿੰਦਰ ਕੌਰ ਪ੍ਰਧਾਨ, ਬਲਵਿੰਦਰ ਕੌਰ ਸਕੱਤਰ, ਰਪਿੰਦਰ ਕੌਰ ਕੈਸ਼ੀਅਰ ਚੁਣੇ ਗਏ। ਗਰਮੀਤ ਕੌਰ, ਹਰਦੀਪ ਸਿੰਘ, ਗਰਮੀਤ ਕੌਰ, ਸੁੰਦਰ ਕੌਰ, ਕਵਲਜੀਤ ਕੌਰ, ਗੁਰਮੀਤ ਕੌਰ, ਸਖਰਾਜ ਸਿੰਘ, ਅਮਰਜੀਤ ਕੌਰ ਆਦਿ ਕਮੇਟੀ ਮੈਂਬਰ ਚੁਣੇ ਗਏ।

# ਚਵਿੰਡਾ ਦੇਵੀ 'ਚ ਮਨਰੇਗਾ ਕਾਮਿਆਂ ਦੀ ਮੀਟਿੰਗ



**ਮਜੀਠਾ/ਚਵਿੰਡਾ ਦੇਵੀ (ਸੋਇਮ ਆਨੰਦ/ਪ੍ਰੀਤਮ ਸਿੰਘ)**- ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਚਵਿੰਡਾ ਦੇਵੀ ਵਿਖੇ ਮਨਰੇਗਾ ਕਾਮਿਆਂ ਦੀ ਮੀਟਿੰਗ ਹੋਈ ਜਿਸ ਨੂੰ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਅੰਮ੍ਰਿਤਸਰ ਦੇ ਆਰਗੇਨਾਈਜਰ ਬਲਕਾਰ ਸਿੰਘ ਦੁਧਾਲਾ, ਸੁਖਵਿੰਦਰ ਸਿੰਘ ਚਵਿੰਡਾ ਦੇਵੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੁਝ ਦੇਸ਼ਾਂ ਦੀਆਂ ਸਰਕਾਰਾਂ ਨੇ ਬਹੁਤ ਵਧੀਆ ਕਾਨੂੰਨ ਮਜ਼ਦੂਰਾਂ ਵਾਸਤੇ ਬਣਾਏ ਹਨ। ਪਰ ਸਾਡੇ ਦੇਸ਼ ਦੀ ਅਫਸਰਸ਼ਾਹੀ ਨੇ ਹਮੇਸ਼ਾ ਹੀ ਕਿਰਤੀ ਮਜ਼ਦੂਰਾਂ ਨਾਲ ਧੋਖਾ ਕੀਤਾ ਹੈ। ਬਿਨਾਂ ਸ਼ੱਕ ਮਨਰੇਗਾ ਕਾਨੂੰਨ ਪੇਂਡੂ ਮਜ਼ਦੂਰ ਲੋਕਾਂ ਦੀ ਰੋਟੀ ਪੱਕਦੀ ਰੱਖਣ ਵਾਸਤੇ 2005 'ਚ ਬਣਾਇਆ ਸੀ ਜਿਸ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਇਸ ਮੌਕੇ ਦੁਧਾਲਾ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਮਜ਼ਦੂਰਾਂ ਨੂੰ 200 ਦਿਨ ਇੱਕ ਸਾਲ ਵਿੱਚ ਕੰਮ ਜ਼ਰੂਰੀ ਕੀਤਾ ਜਾਵੇ ਅਤੇ ਘੱਟੋ ਘੱਟ 700 ਰੁਪਏ ਪ੍ਰਤੀ ਦਿਨ ਮਜ਼ਦੂਰੀ ਦਾ ਕਾਨੂੰਨ ਬਣਾਇਆ ਜਾਵੇ। ਇਸੇ ਤਹਿਤ 4 ਸਤੰਬਰ ਨੂੰ ਇੱਕ ਮੰਗ ਪੱਤਰ ਮਜ਼ਦੂਰਾਂ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਡੀ ਸੀ ਨੂੰ ਦਿੱਤਾ ਜਾਵੇਗਾ। ਇਸ ਮੰਗ ਪੱਤਰ ਵਿੱਚ ਮਜ਼ਦੂਰਾਂ ਦੇ ਜੋ ਰਾਸ਼ਨ ਕਾਰਡ ਕੱਟੇ ਗਏ ਹਨ ਉਸ ਬਾਰੇ ਅਤੇ ਕੰਸਟ੍ਰਕਸ਼ਨ ਕਾਰਡ ਵਾਲਿਆਂ ਨੂੰ ਹੁਣ ਤੱਕ ਨਵੀਂ ਸਰਕਾਰ ਨੇ ਬੱਚਿਆਂ ਨੂੰ ਵਜ਼ੀਫਾ ਜਾਂ ਲੜਕੀਆਂ ਦੀ ਸ਼ਾਦੀ ਦਾ ਕੋਈ ਵੀ ਪੈਸਾ ਨਹੀਂ ਦਿੱਤਾ ਗਿਆ। ਇਸ ਬਾਰੇ ਵੀ ਡੀ ਸੀ ਸਾਹਿਬ ਨੂੰ ਦੱਸਿਆ ਜਾਵੇਗਾ। ਇਸ ਮੁਜ਼ਾਹਰੇ ਵਿੱਚ ਵੱਖ ਵੱਖ ਪਿੰਡਾਂ ਵਿੱਚੋਂ ਮਜ਼ਦੂਰ ਸ਼ਾਮਲ ਹੋਣਗੇ। ਇਸ ਮੀਟਿੰਗ ਨੂੰ ਹਰਦਿਆਲ ਸਿੰਘ ਅਤੇ ਸੁਖਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਮੀਟਿੰਗ ਵਿੱਚ ਆਏ ਮਜ਼ਦੂਰਾਂ ਨੇ ਯਕੀਨ ਦਿਵਾਇਆ ਕਿ ਚਾਰ ਤਰੀਕ ਵਾਲੇ ਮੁਜ਼ਾਹਰੇ ਵਿੱਚ ਅਸੀਂ ਵੱਧ ਤੋਂ ਵੱਧ ਸ਼ਾਮਲ ਹੋਵਾਂਗੇ। ਕੁਲਦੀਪ ਸਿੰਘ ਨੇ ਮੀਟਿੰਗ 'ਚ ਸ਼ਾਮਲ ਹੋਏ ਮਜ਼ਦੂਰਾਂ ਦਾ ਧੰਨਵਾਦ ਕੀਤਾ।

# ਜ਼ਿਲ੍ਹੇ 'ਚ 18 ਆਮ ਆਦਮੀ ਕਲੀਨਿਕ ਮੁਹੱਈਆ ਕਰਵਾ ਰਹੇ ਹਨ ਮਿਆਰੀ ਸਿਹਤ ਸੁਵਿਧਾਵਾਂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਜ਼ਿਲ੍ਹਾ ਤਰਨ ਤਾਰਨ ਵਿੱਚ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿੱਚ 11 ਨਵੇਂ ਆਮ ਆਦਮੀ ਕਲੀਨਿਕ ਖੋਲ੍ਹਣ ਨੂੰ ਮਨਜ਼ੂਰੀ ਦਿੱਤੀ ਹੈ ਜੋ ਕਿ ਅਕਤੂਬਰ ਮਹੀਨੇ ਤੱਕ ਮੁਕੰਮਲ ਹੋਣਗੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਸਿਹਤ ਵਿਭਾਗ ਅਤੇ ਹੋਰ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ 4 ਨਵੇਂ ਆਮ ਆਦਮੀ ਕਲੀਨਿਕ ਸ਼ਹਿਰੀ ਖੇਤਰਾਂ, ਜਿਨ੍ਹਾਂ ਵਿੱਚੋਂ 3 ਤਰਨ ਤਾਰਨ ਸ਼ਹਿਰ, 1 ਖੇਮਕਰਨ ਵਿਖੇ ਅਤੇ 7 ਨਵੇਂ ਆਮ ਆਦਮੀ ਕਲੀਨਿਕ ਪੇਂਡੂ ਖੇਤਰਾਂ ਵਿਚ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 14 ਅਗਸਤ ਨੂੰ ਜ਼ਿਲ੍ਹੇ ਦੇ ਪਿੰਡ ਰੱਤਾ ਗੁੱਦਾ, ਬੋਪਾਰਾਏ, ਪੰਜਵੜ ਅਤੇ ਲਾਲਪੁਰਾ ਵਿਖੇ 4 ਨਵੇਂ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਹੋਣ ਨਾਲ ਜ਼ਿਲ੍ਹਾ ਤਰਨ ਤਾਰਨ ਵਿੱਚ ਇਸ ਸਮੇਂ 18 ਆਮ ਆਦਮੀ ਕਲੀਨਿਕ ਲੋਕਾਂ ਨੂੰ ਮੁਫ਼ਤ ਮੈਡੀਕਲ ਟੈਸਟ ਅਤੇ ਮਿਆਰੀ ਸਿਹਤ ਸੁਵਧਾਵਾਂ ਮੁਹੱਈਆ ਕਰਵਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ ਲੱਗਭੱਗ 80 ਤਰ੍ਹਾਂ ਦੀਆਂ ਦਵਾਈਆਂ ਅਤੇ 38 ਤਰ੍ਹਾਂ ਦੇ ਮੈਡੀਕਲ ਟੈਸਟ ਤੇ ਇਲਾਜ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਹੁਣ ਤੱਕ ਪੰਜਾਬ ਵਿਚ ਆਮ ਆਦਮੀ ਕਲੀਨਿਕਾਂ ਤੋਂ 44 ਲੱਖ ਤੋਂ ਵੱਧ ਲੋਕ ਮਿਆਰੀ ਸਿਹਤ ਸੇਵਾਵਾਂ ਦਾ ਲਾਭ ਲੈ ਚੁੱਕੇ ਹਨ ਅਤੇ ਮਰੀਜ਼ਾਂ ਦੇ 20 ਲੱਖ ਤੋਂ ਵੱਧ ਮੁਫ਼ਤ ਟੈਸਟ ਹੋ ਚੁੱਕੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਤਰਨ ਤਾਰਨ ਅਮਨਿੰਦਰ ਕੌਰ, ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਪ੍ਰੀਤ ਸਿੰਘ ਅਤੇ ਡੀ. ਐੱਮ. ਸੀ. ਡਾ. ਕਾਲੜਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਚੀਫ ਖਾਲਸਾ ਦੀਵਾਨ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਪੰਜਾਬੀ ਸੱਭਿਆਚਾਰ ਨੂੰ ਸਮਰਪਤ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਤਸਵੀਰ ਕੌਰ ਅਤੇ ਮੁੱਖ ਮਹਿਮਾਨ ਵਜੋਂ ਨੀਟਾ ਅਰੋੜਾ ਨੇ ਹਾਜ਼ਰੀ ਭਰੀ। ਚੀਫ ਖਾਲਸਾ ਦੀਵਾਨ ਦੇ ਵਧੀਕ ਆਨਰੇਰੀ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਹਰਜੀਤ ਸਿੰਘ ਅਤੇ ਵਿਦਿਆਲਿਆ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਦੋਵਾਂ ਮੁੱਖ ਮਹਿਮਾਨਾਂ ਦਾ ਸਕੂਲ ਪ੍ਰਿੰਸੀਪਲ ਰਣਜੀਤ ਭਾਟੀਆ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਝੂਲੇ ਅਤੇ ਮਹਿੰਦੀ ਦਾ ਵੀ ਵਿਸ਼ੇਸ਼ ਪ੍ਰਬੰਧ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ। ਇਸ ਤੋਂ ਬਾਅਦ ਸਕੂਲ ਵਿੱਚ ਅੰਤਰ ਹਾਊਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਗਿੱਧਾ ਮੁਕਾਬਲਾ, ਮਹਿੰਦੀ ਮੁਕਾਬਲਾ ਅਤੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ। ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੇ ਪਹਿਰਾਵੇ ਵਿੱਚ ਸਜੇ ਗਿੱਧੇ ਦੀ ਪੇਸ਼ਕਾਰੀ ਕੀਤੀ। ਕਿੰਡਰਗਾਰਟਨ ਦੇ ਛੋਟੇ-ਛੋਟੇ ਵਿਦਿਆਰਥੀਆਂ ਦੀਆਂ ਰੰਗਾਰੰਗ ਪੇਸ਼ਕਾਰੀਆਂ ਨੇ ਸਾਰਿਆਂ ਦਾ ਮਨ ਮੋਹ ਲਿਆ। ਅੰਤਰ-ਹਾਊਸ ਮੁਕਾਬਲਿਆਂ 'ਚ ਮਹਿੰਦੀ ਮੁਕਾਬਲੇ ਵਿੱਚ ਬੰਦਾ ਬਹਾਦਰ ਪਹਿਲੇ, ਰਣਜੀਤ ਦੂਜੇ ਅਤੇ ਅਟਾਰੀ ਹਾਊਸ ਤੀਜੇ ਸਥਾਨ 'ਤੇ ਰਿਹਾ। ਗਿੱਧਾ ਮੁਕਾਬਲੇ 'ਚ ਰਣਜੀਤ ਪਹਿਲੇ, ਬੰਦਾ ਬਹਾਦਰ ਦੂਜੇ ਅਤੇ ਨਲਵਾ ਹਾਊਸ ਤੀਜੇ ਸਥਾਨ 'ਤੇ ਰਿਹਾ। ਫੈਂਸੀ ਡਰੈੱਸ ਮੁਕਾਬਲੇ 'ਚ ਰਣਜੀਤ ਤੇ ਨਲਵਾ ਪਹਿਲੇ, ਅਟਾਰੀ ਦੂਜੇ ਅਤੇ ਬੰਦਾ ਬਹਾਦਰ ਤੀਜੇ ਸਥਾਨ 'ਤੇ ਰਹੇ। ਸਕੂਲ ਦੀ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਨਵੀਂ ਪੀੜ੍ਹੀ ਨੂੰ ਪੁਰਾਤਨ ਸੱਭਿਅਤਾ ਅਤੇ ਵਿਰਾਸਤੀ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰਦੇ ਹੋਏ ਉਨ੍ਹਾਂ ਵੱਲੋਂ ਪੇਸ਼ ਕੀਤੇ ਪੰਜਾਬੀ ਸੱਭਿਆਚਾਰ ਦੀ ਸ਼ਲਾਘਾ ਕੀਤੀ।

# ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੂੰ ਨਿਸ਼ਕਾਮ ਸੇਵਕ ਜਥਾ ਯੂ ਕੇ ਨੇ ਪੂਰਨ ਸਹਿਯੋਗ ਦਾ ਦਿੱਤਾ ਭਰੋਸਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸੋਨੇ ਦੀ ਸੇਵਾ, ਪੰਜ ਤਖ਼ਤ ਸਾਹਿਬਾਨ ਤੇ ਕਾਰ ਸੇਵਾਵਾਂ ਨਿਭਾਉਣ ਵਾਲੇ ਸ੍ਰੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਤੇ ਜਥੇ ਦੇ ਸੇਵਕਾਂ ਨੇ ਸਿੱਖ ਗੁਰੂ ਸਾਹਿਬਾਨ ਅਤੇ ਬੁੱਢਾ ਦਲ ਦੇ ਸਿੱਖ ਜਰਨੈਲਾਂ ਦੇ ਪੁਰਾਤਨ ਇਤਿਹਾਸਕ ਸ਼ਸਤਰ ਗੁਰਦੁਆਰਾ ਬਰਮਿੰਘਮ ਪੁੱਜਣ 'ਤੇ ਫੁੱਲਾਂ ਅਤੇ ਜੈਕਾਰਿਆਂ ਨਾਲ ਬਹੁਤ ਹੀ ਨਿੱਘਾ ਸੁਆਗਤ ਕੀਤਾ। ਇਹ ਜਾਣਕਾਰੀ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਸਾਂਝੀ ਕੀਤੀ। ਉਨ੍ਹਾ ਦੱਸਿਆ ਬੁੱਢਾ ਦਲ ਵੱਲੋਂ ਜਿਸ ਹਾਲ ਵਿਚ ਸੰਗਤਾਂ ਨੂੰ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ ਉਸ ਹਾਲ ਨੂੰ ਨਿਸ਼ਕਾਮ ਸੇਵਕ ਜਥੇ ਨੇ ਖੂਬਸੂਰਤ ਸ਼ਿੰਗਾਰਿਆ ਹੋਇਆ ਸੀ। ਇੱਥੇ ਧਾਰਮਕ ਇਕੱਠ ਨੂੰ ਭਾਈ ਮਹਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਾਡੇ ਧੰਨਭਾਗ, ਇਸ ਅਸਥਾਨ 'ਤੇ ਗੁਰੂ ਸਾਹਿਬਾਨ ਦੀਆਂ ਪਾਵਨ ਨਿਸ਼ਾਨੀਆਂ ਅਤੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਪੁੱਜਣ 'ਤੇ ਸ਼ੁਕਰਗੁਜ਼ਾਰ ਹਾਂ। ਏਥੋਂ ਦੀ ਸੰਗਤ ਪਾਵਨ ਸ਼ਸਤਰਾਂ ਦੇ ਇਤਿਹਾਸ ਅਤੇ ਬੁੱਢਾ ਦਲ ਦੀ ਪੁਰਾਤਨ ਵਿਰਾਸਤ ਤੋਂ ਜਾਣੂ ਹੋ ਸਕੀ ਹੈ। ਉਪਰੰਤ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਸਮੁੱਚੀ ਸੰਗਤ ਦੇ ਦਰਸ਼ਨ ਕਰਦਿਆਂ ਕਿਹਾ ਕਿ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਯੂ.ਕੇ ਵਾਲਿਆਂ ਵੱਲੋਂ ਮਿਲੇ ਪਿਆਰ ਸਤਿਕਾਰ ਤੇ ਸਨੇਹ ਨੇ ਯੂ.ਕੇ ਦੀ ਸੰਗਤ ਦੇ ਦਰਸ਼ਨ ਕਰਵਾਏ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਤੋਂ ਇਲਾਵਾ ਬੁੱਢਾ ਦਲ ਦੇ ਜਥੇਦਾਰ ਜਰਨੈਲਾਂ ਦੇ ਸ਼ਸਤਰ ਜਿੰਨੇ ਕੁ ਅਸੀਂ ਲਿਆ ਸਕਦੇ ਸੀ ਉਨ੍ਹਾਂ ਦੇ ਅੱਜ ਤੁਹਾਨੂੰ ਦਰਸ਼ਨ ਕਰਵਾਏ ਗਏ ਹਨ। ਉਨ੍ਹਾਂ ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਨੂੰ ਹੋਲੇ ਮਹੱਲੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਆਉਣ ਦਾ ਸੱਦਾ ਦਿੱਤਾ। ਗਿਆਨੀ ਭਗਵਾਨ ਸਿੰਘ ਜੌਹਲ ਨੇ ਬੁੱਢਾ ਦਲ ਦੇ ਛੇਵੇਂ ਮੁਖੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਜੀ ਸ਼ਹੀਦੀ ਸ਼ਤਾਬਦੀ ਸੰਬੰਧੀ ਅਤੇ ਉਸ ਮਹਾਨ ਜਰਨੈਲ ਦੇ ਜੀਵਨ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਬਾਬਾ ਹਰਜੀਤ ਸਿੰਘ ਮਹਿਤਾ ਚੌਕ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਸਮੇਂ ਡਾ. ਜਸਵੰਤ ਸਿੰਘ, ਬਾਬਾ ਤਰਸੇਮ ਸਿੰਘ ਮੋਰਾਂਵਾਲੀ ਢਾਡੀ, ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਬੁੱਢਾ ਦਲ ਤੇ ਹੋਰ ਨਿਹੰਗ ਸਿੰਘਾਂ ਫੌਜਾਂ ਹਾਜ਼ਰ ਸਨ।

# ਡੀ ਆਰ ਹੈਰੀਟੇਜ ਪਬਲਿਕ ਸਕੂਲ 'ਚ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਬੀਤੇ ਦਿਨੀਂ ਡੀ ਆਰ ਹੈਰੀਟੇਜ ਪਬਲਿਕ ਸਕੂਲ ਵਿਖੇ ਤੀਜ ਦਾ ਤਿਉਹਾਰ ਸਕੂਲ ਦੇ ਖੁੱਲ੍ਹੇ ਹਾਲ 'ਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ, ਸਲਾਹਕਾਰ ਸੁਰਿੰਦਰ ਕਮਾਰੀ ਅਤੇ ਸਮੂਹ ਅਧਿਆਪਕ ਅਤੇ ਵਿਦਿਆਰਥਣਾਂ ਸ਼ਾਮਲ ਸਨ। ਇਸ ਮੌਕੇ ਸਾਰੇ ਅਧਿਆਪਕ ਅਤੇ ਵਿਦਿਆਰਥਣਾਂ ਪੰਜਾਬੀ ਪਹਿਰਾਵੇ 'ਚ ਨਜ਼ਰ ਆਏ। ਸਭ ਵਿਦਿਆਰਥਣਾਂ ਨੇ ਵੱਖ ਵੱਖ ਪ੍ਰਤੀਯੋਗਤਾਵਾਂ ਵਿੱਚ ਹਿੱਸਾ ਲਿਆ। ਤੀਜ ਦੇ ਤਿਉਹਾਰ 'ਤੇ ਮਹਿੰਦੀ, ਨਹੁੰ ਕਲਾ, ਪਰਾਂਦਾ ਬੰਨ੍ਹਣ ਦੀ ਪ੍ਰਤੀਯੋਗਤਾ ਕਰਵਾਈ ਗਈ। ਇਸ ਮੌਕੇ ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਸੰਮੀ ਤੇ ਲੋਕ ਗੀਤ ਪੇਸ਼ ਕੀਤੇ। ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਸਭ ਨੂੰ ਧੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ । ਅੰਤ 'ਚ ਇਸ ਮੌਕੇ ਤੀਜ ਚੁਣੀ ਗਈ।





1-Sep-PAGE-4.qxd 8/31/2023 10:31 PM Page 1



# ਹਵਾ ਪ੍ਰਦੂਸ਼ਨ ਦਾ ਕਹਿਰ

*ਮੁਨਾਫ਼ੇ ਦੀ ਹੋੜ ਵਿੱਚ ਅੰਨ੍ਹੇਵਾਹ ਮਸ਼ੀਨੀਕਰਨ ਮਨੁੱਖੀ ਹੋਂਦ ਲਈ ਖ਼ਤਰੇ ਦਾ ਕਾਰਨ ਬਣ ਰਿਹਾ ਹੈ। ਇੱਕ ਖੋਜ ਮੁਤਾਬਕ ਵਧਦੇ ਹਵਾ ਪ੍ਰਦੂਸ਼ਨ ਕਾਰਨ ਭਾਰਤ ਵਿੱਚ ਮਨੁੱਖਾਂ ਦੀ ਉਮਰ 5 ਸਾਲ ਤੋਂ ਵਧੇਰੇ ਘਟ ਸਕਦੀ ਹੈ। ਇਸ ਵੇਲੇ ਪੂਰੇ ਦੱਖਣੀ ਏਸ਼ੀਆ ਅੰਦਰ ਹੀ ਅਜਿਹੇ ਹਾਲਾਤ ਬਣ ਚੁੱਕੇ ਹਨ। ਸੰਘਣੀ ਅਬਾਦੀ ਵਾਲੇ ਭਾਰਤ, ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਦੀ ਹਾਲਤ ਬਹੁਤ ਹੀ ਗੰਭੀਰ ਹੋ ਚੁੱਕੀ ਹੈ।*

*ਸ਼ਿਕਾਗੋ ਯੂਨੀਵਰਸਿਟੀ ਦੇ ਊਰਜਾ ਨੀਤੀ ਅਦਾਰੇ ਨੇ ਆਪਣੇ ਹਾਲੀਆ ਹਵਾ ਗੁਣਵੱਤਾ ਜੀਵਨ ਸੂਚਕ ਅੰਕ ਵਿੱਚ ਕਿਹਾ ਹੈ ਕਿ ਸੰਸਾਰ ਪੱਧਰ ਉੱਤੇ ਪ੍ਰਦੂਸ਼ਨ ਕਾਰਨ ਹੋਣ ਵਾਲੀ ਉਮਰ ਵਿੱਚ ਕਟੌਤੀ ਦਾ ਅੱਧੇ ਤੋਂ ਵੱਧ ਨੁਕਸਾਨ ਸਭ ਤੋਂ ਪ੍ਰਦੂਸ਼ਤ ਦੇਸ਼ਾਂ ਭਾਰਤ, ਬੰਗਲਾਦੇਸ਼, ਪਾਕਿਸਤਾਨ ਤੇ ਨੇਪਾਲ ਵਿੱਚ ਹੋਵੇਗਾ।*

*ਰਿਪੋਰਟ ਅਨੁਸਾਰ ਹਵਾ ਪ੍ਰਦੂਸ਼ਨ ਕਾਰਨ ਇੱਕ ਭਾਰਤੀ ਦੀ ਔਸਤ ਉਮਰ ਵਿੱਚ 5.3 ਸਾਲ ਦੀ ਕਮੀ ਹੋ ਜਾਵੇਗੀ। ਦੁਨੀਆ ਵਿੱਚ ਸਭ ਤੋਂ ਪ੍ਰਦੂਸ਼ਤ ਗਿਣੇ ਜਾਣ ਵਾਲੇ ਦਿੱਲੀ ਵਿੱਚ ਰਹਿਣ ਵਾਲਿਆਂ ਦੀ ਉਮਰ 11.9 ਸਾਲ ਘੱਟ ਹੋ ਜਾਵੇਗੀ। ਇਸ ਤੋਂ ਇਲਾਵਾ ਗੁੜਗਾਓਂ ਵਿੱਚ 11.2 ਸਾਲ, ਫਰੀਦਾਬਾਦ ਵਿੱਚ 10.8 ਸਾਲ, ਉੱਤਰ ਪ੍ਰਦੇਸ਼ ਦੇ ਜੌਨਪੁਰ ਵਿੱਚ 10.1 ਸਾਲ, ਲਖਨਊ ਤੇ ਕਾਨਪੁਰ ਵਿੱਚ 9.7 ਸਾਲ, ਬਿਹਾਰ ਦੇ ਮੁਜ਼ੱਫਰਪੁਰ ਵਿੱਚ 9.2 ਸਾਲ, ਯੂ ਪੀ ਦੇ ਪ੍ਰਯਾਗਰਾਜ 'ਚ 8.8 ਸਾਲ ਤੇ ਬਿਹਾਰ ਦੇ ਪਟਨਾ ਵਿੱਚ 8.7 ਸਾਲ ਉਮਰ ਘਟ ਜਾਵੇਗੀ।*

*ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ ਸਾਰੇ 1.3 ਅਰਬ ਤੋਂ ਵੱਧ ਲੋਕ ਉਨ੍ਹਾਂ ਇਲਾਕਿਆਂ ਵਿੱਚ ਰਹਿੰਦੇ ਹਨ, ਜਿੱਥੇ ਔਸਤ ਪ੍ਰਦੂਸ਼ਨ ਵਿਸ਼ਵ ਸਿਹਤ ਸੰਸਥਾ ਦੇ ਪੈਮਾਨੇ ਤੋਂ ਵੱਧ ਹੈ। ਇਨ੍ਹਾਂ ਵਿੱਚੋਂ 67.4 ਫ਼ੀਸਦੀ ਲੋਕ ਉਨ੍ਹਾਂ ਇਲਾਕਿਆਂ ਵਿੱਚ ਰਹਿੰਦੇ ਹਨ, ਜਿੱਥੇ ਪ੍ਰਦੂਸ਼ਨ ਸਾਡੇ ਆਪਣੇ ਦੇਸ਼ ਦੇ ਪੈਮਾਨੇ ਤੋਂ ਵੱਧ ਹੈ।*

*ਜੇਕਰ ਦੁਨੀਆ ਦੇ 10 ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿੱਚੋਂ 6 ਭਾਰਤ ਦੇ ਹਨ। ਇਸੇ ਤਰ੍ਹਾਂ 20 ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ 14 ਭਾਰਤ ਦੇ, 50 ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ 39 ਭਾਰਤ ਦੇ ਤੇ 100 ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ 61 ਭਾਰਤ ਦੇ ਹਨ।*

*ਹਵਾ ਪ੍ਰਦੂਸ਼ਨ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਕਾਰਖਾਨਿਆਂ, ਪਰਾਲੀ ਸਾੜਨ, ਪਟਾਕੇ ਚਲਾਉਣ ਤੇ ਟਰੱਕਾਂ ਤੇ ਹੋਰ ਵਾਹਨਾਂ ਦੇ ਧੂੰਏਂ ਰਾਹੀਂ ਫੈਲਦਾ ਹੈ। ਦੂਜਾ, ਉਸਾਰੀਆਂ ਤੇ ਸੜਕਾਂ ਉੱਤੇ ਉੱਡਣ ਵਾਲੀ ਧੂੜ ਦੇ ਕਣਾਂ ਰਾਹੀਂ ਹਵਾ ਨੂੰ ਪ੍ਰਦੂਸ਼ਤ ਕਰਦਾ ਹੈ। ਪਰਾਲੀ ਸਾੜਨ ਤੇ ਪਟਾਕੇ ਚਲਾਉਣ ਦਾ ਮਸਲਾ ਤਾਂ ਸਾਲ ਵਿੱਚ ਇੱਕ-ਦੋ ਵਾਰ ਹੀ ਆਉਂਦਾ ਹੈ, ਪਰ ਵਾਹਨਾਂ, ਕਾਰਖਾਨਿਆਂ ਦਾ ਧੂੰਆਂ ਤੇ ਨਿਰਮਾਣ ਕੰਮਾਂ ਰਾਹੀਂ ਉਡਦੀ ਧੂੜ ਰੋਜ਼ ਦਾ ਕੰਮ ਹੈ। ਸਰਕਾਰਾਂ ਪਰਾਲੀ ਸਾੜਨ ਆਦਿ ਉੱਤੇ ਤਾਂ ਪੂਰਾ ਜ਼ੋਰ ਲਾਈ ਰੱਖਦੀਆਂ ਹਨ, ਪਰ ਪ੍ਰਦੂਸ਼ਨ ਦੀ ਰੋਜ਼ਾਨਾ ਸਮੱਸਿਆ ਤੋਂ ਅੱਖਾਂ ਮੀਟੀ ਰੱਖਦੀਆਂ ਹਨ।*

*ਖਰਾਬ ਹਵਾ ਦਾ ਸਿਹਤ ਉੱਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਸ ਨੂੰ ਸਮਝਣ ਲਈ 'ਦੀ ਲੈਸੈਂਟ' ਵੱਲੋਂ ਜਾਰੀ ਰਿਪੋਰਟ ਨੂੰ ਦੇਖਣਾ ਚਾਹੀਦਾ ਹੈ। ਪਿਛਲੇ ਸਾਲ 'ਦੀ ਲੈਸੈਂਟ ਕਮਿਸ਼ਨ ਆਨ ਪਾਪੂਲੇਸ਼ਨ ਐਂਡ ਹੈੱਲਥ' ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ 2019 ਵਿੱਚ ਸਭ ਕਿਸਮ ਦੇ ਪ੍ਰਦੂਸ਼ਨ ਕਾਰਨ ਭਾਰਤ ਵਿੱਚ 23 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ। ਇਹ ਦੁਨੀਆ ਭਰ ਵਿੱਚ ਇਸ ਕਾਰਨ ਹੋਈਆਂ 90 ਲੱਖ ਮੌਤਾਂ ਦਾ ਚੌਥਾ ਹਿੱਸਾ ਬਣਦਾ ਹੈ। ਭਾਰਤ ਵਿੱਚ ਹੋਈਆਂ ਸਭ ਕਿਸਮ ਦੇ ਪ੍ਰਦੂਸ਼ਨ ਕਾਰਨ 23 ਲੱਖ ਮੌਤਾਂ ਵਿੱਚੋਂ 16.7 ਲੱਖ ਤੋਂ ਵੱਧ ਸਿਰਫ਼ ਹਵਾ ਪ੍ਰਦੂਸ਼ਨ ਕਾਰਨ ਹੋਈਆਂ ਸਨ।*

*ਰੌਂਗਟੇ ਖੜ੍ਹੇ ਕਰ ਦੇਣ ਵਾਲੀਆਂ ਇਨ੍ਹਾਂ ਰਿਪੋਰਟਾਂ ਤੋਂ ਬਾਅਦ ਹਰ ਨਾਗਰਿਕ ਦਾ ਫ਼ਰਜ਼ ਬਣਦਾ ਹੈ ਕਿ ਉਹ ਹਵਾ ਪ੍ਰਦੂਸ਼ਨ ਨੂੰ ਘੱਟ ਕਰਨ ਲਈ ਆਪਣਾ ਯੋਗਦਾਨ ਪਾਵੇ ਤੇ ਲੋਕਾਂ ਨੂੰ ਜਾਗਰੂਕ ਕਰਕੇ ਸਰਕਾਰ ਉੱਤੇ ਵੀ ਦਬਾਅ ਬਣਾਏ।*

## ਬਸਤਰ ਚੁੱਕ ਕੇ...

*ਜਲ ਬਿਨ ਮੀਨ ਸੱਤਾ ਬਿਨ ਨੇਤਾ,*
*ਤੜਫ-ਤੜਫ ਕੇ ਵਕਤ ਲੰਘਾਉਂਦੇ।*
*ਮੀਨ ਤਾਂ ਪਾਣੀ ਬਿਨ ਮਰ ਜਾਂਦੀ,*
*ਨੇਤਾ ਰਹਿੰਦੇ ਛਟਪਟਾਉਂਦੇ।*
*ਬਸਤੀਆਂ ਨੂੰ ਵੀ ਸਾੜ ਦਿੰਦੇ ਨੇ,*
*ਲੱਗੀ ਅੱਗ 'ਤੇ ਤੇਲ ਵੀ ਪਾਉਂਦੇ।*
*ਹੁੰਦੇ ਆਪ ਮਦਾਰੀਆਂ ਵਰਗੇ,*
*ਜਨਤਾ ਦੇ ਵਿੱਚ ਖੇਡ ਦਿਖਾਉਂਦੇ।*
*ਜਦੋਂ ਚਲਾਕੀਆਂ ਫੜ ਹੋ ਜਾਵਣ,*
*ਸਧੇ ਜਮੂਰਿਆਂ ਮੁੱਖ ਲੁਕਾਉਂਦੇ।*
*ਬਸਤਰ ਚੁੱਕ ਕੇ ਫੁਰਰ ਹੋ ਜਾਂਦੇ,*
*ਮੁੜ ਕੇ ਕਦੇ ਵੀ ਹੱਥ ਨਾ ਆਉਂਦੇ!*

**-ਗੁਲਪੁਰ**

# ਫਿਰਕਾਪ੍ਰਸਤੀ : ਤਬਾਹੀ ਵੱਲ ਜਾਂਦਾ ਰਾਹ-2



ਸੁੱਚਾ ਸਿੰਘ ਖੱਟੜਾ

ਭਾਰਤੀ ਰਾਜਨੀਤੀ 'ਚ ਫਿਰਕਾਪ੍ਰਸਤੀ ਨਿਰਣਾਇਕ ਹੈ। ਭਾਜਪਾ ਦੀ ਹਰ ਅਸਫ਼ਲਤਾ ਨੂੰ ਬਖਸ਼ਣਹਾਰ ਅਤੇ ਭਾਜਪਾ ਦੀ ਸਥਾਈ ਮਿੱਤਰ ਹੈ। ਅਸੀਂ ਪਿਛਲੇ ਆਰਟੀਕਲ ਵਿੱਚ ਇਸ ਨੂੰ ਭਾਰਤੀ ਸਮਾਜ ਅਤੇ ਸਿਆਸਤ ਦੀ ਸਥਾਈ ਪਹਿਚਾਣ ਤੱਕ ਮੰਨ ਲਿਆ ਹੈ। ਪਿਛਲੇਰੇ ਆਰਟੀਕਲ ਵਿੱਚ ਸਾਡਾ ਕਹਿਣਾ ਸੀ ਕਿ ਭਾਰਤੀ ਸਮਾਜ ਅਤੇ ਸਿਆਸਤ ਨੂੰ ਹਾਲੇ ਲੰਮਾ ਸਮਾਂ ਇਹ ਬੋਝ ਚੁੱਕ ਕੇ ਸਮੇਂ ਦਾ ਸਫਰ ਤਹਿ ਕਰਨਾ ਪੈਣਾ ਹੈ। ਇਹ ਸਫ਼ਰ ਹੋਰ ਲੰਮਾ ਵੀ ਹੋ ਸਕਦਾ ਹੈ।

ਫਿਰਕਾਪ੍ਰਸਤ ਵਿਰੋਧੀ ਸ੍ਰੋਤਾਂ ਦੀ ਜੇਕਰ ਗੱਲ ਕਰੀਏ ਤਾਂ ਪਹਿਲਾਂ ਇਹ ਮੰਨਣਾ ਪਏਗਾ ਕਿ ਫਿਰਕਾਪ੍ਰਸਤੀ ਇੱਕ ਧਾਰਮਿਕ ਵਿਗਾੜ ਹੈ। ਹਿੰਦੂਤਵੀ, ਖਾਲਿਸਤਾਨੀ, ਇਸਲਾਮਿਕ, ਹਰ ਫਿਰਕਾਪ੍ਰਸਤ ਦੀ ਮਾਂ ਇੱਕ ਹੈ ਅਤੇ ਉਹ ਧਾਰਮਿਕ ਵਿਗਾੜ ਹੈ। ਕੋਈ ਸਹਿਮਤ ਹੋਵੇ ਜਾਂ ਨਾ ਹੋਵੇ, ਧਾਰਮਿਕ ਵਿਗਾੜ ਧਰਮਾਂ ਜਿੰਨੇ ਹੀ ਪੁਰਾਣੇ ਹਨ। ਇਹ ਵਿਗਾੜ ਸਮਾਜ ਲਈ ਅਤਿ ਹਾਨੀਕਾਰਕ ਸਾਬਤ ਹੋਏ ਹਨ। ਇਨ੍ਹਾਂ ਵਿਗਾੜਾਂ ਦਾ ਇਲਾਜ ਧਰਮਾਂ ਦੇ ਅੰਦਰੋਂ ਵੀ ਹੁੰਦਾ ਆਇਆ ਹੈ। ਭਗਤੀ ਮਾਰਗ, ਸੂਫ਼ੀਵਾਦ ਅਤੇ ਸਭ ਤੋਂ ਉੱਘੜਵੀਂ ਉਦਾਹਰਣ ਸਿੱਖ ਗੁਰੂ ਪ੍ਰੰਪਰਾ ਹੈ, ਜਿਸ ਵਿੱਚ ਸਭ ਧਰਮਾਂ ਦੇ ਵਿਗਾੜਾਂ ਦਾ ਬੇਲਿਹਾਜ਼ ਢੰਗ ਨਾਲ ਪਰਦਾਫਾਸ਼ ਕਰਦਿਆਂ ਵਿਰੋਧ ਕੀਤਾ ਮਿਲਦਾ ਹੈ। ਕੋਈ ਧਰਮ ਫਿਰਕਾਪ੍ਰਸਤੀ ਨਹੀਂ ਸਿਖਾਉਂਦਾ, ਪਰ ਫਿਰਕਾਪ੍ਰਸਤੀ ਵਿਰੁੱਧ ਧਰਮ ਜਦੋਂ ਚੁੱਪ ਰਹਿੰਦਾ ਹੈ ਤਾਂ ਸਮਝੋ ਫਿਰਕਾਪ੍ਰਸਤੀ ਵਿਰੁੱਧ ਇਹ ਸ੍ਰੋਤ ਸੁੱਕਣ ਵੱਲ ਤੁਰ ਪਿਆ ਹੈ। ਇਸ ਲਈ ਹਰ ਧਰਮ ਦੇ ਸੱਚੇ ਸ਼ਰਧਾਵਾਨਾਂ ਨੂੰ ਮੂੰਹ ਖੋਹਲਣੇ ਪੈਣਗੇ।

ਮਸ਼ਹੂਰ ਵਾਕ ਹੈ ਕਿ ਹਰ ਜਿਉਂਦਾ ਵਿਅਕਤੀ ਸਿਆਸੀ ਹੁੰਦਾ ਹੈ। ਉਹ ਸਿਆਸਤ ਵਿੱਚ ਸਿਆਣਾ ਜਾਂ ਅਨਾੜੀ ਹੋ ਸਕਦਾ ਹੈ। ਕੇਵਲ ਮੁਰਦਾ ਹੀ ਗੈਰ ਸਿਆਸੀ ਹੁੰਦਾ ਹੈ। ਜੇ ਇਹ ਗੱਲ ਸੱਚ ਹੈ ਤਾਂ ਫਿਰਕਾਪ੍ਰਸਤੀ ਵਿਰੁੱਧ ਹਰ ਧਰਮ ਦੇ ਅੰਦਰੋਂ ਅਵਾਜ਼ ਉੱਠਦੀ ਨਹੀਂ ਤਾਂ ਅਵਾਜ਼ ਉਠਾਉਣ ਲਈ ਬੰਦਾ ਹਰ ਯਤਨ ਕਰਨਾ ਚਾਹੀਦਾ ਹੈ। ਧਿਆਨ ਦੇਣਯੋਗ ਹੈ ਕਿ ਧਰਮ ਦਾ ਲਬਾਦਾ ਪਹਿਨ ਕੇ ਸਮਾਜ ਵਿੱਚ ਉਤਾਰੀ ਫਿਰਕਾਪ੍ਰਸਤੀ ਵਧੇਰੇ ਪ੍ਰਭਾਵੀ ਸਾਬਤ ਹੁੰਦੀ ਹੈ। ਚਾਹੀਦਾ ਹੈ ਕਿ ਧਰਮਾਚਾਰੀਆ, ਕਥਾਕਾਰ, ਪ੍ਰਚਾਰਕ ਜਦੋਂ ਆਪਣੇ ਧਰਮ ਦੇ ਮਾਨਵੀ ਪੱਖ ਤੋਂ ਉੱਖੜ ਕੇ ਫਿਰਕਾਪ੍ਰਸਤੀ ਦੀ ਦਿਸ਼ਾ ਲੈਣ ਤਾਂ ਉਨ੍ਹਾ ਨਾਲ ਸੰਵਾਦ ਕੀਤਾ ਜਾਵੇ। ਫਿਰਕਾਪ੍ਰਸਤਾਂ ਦੇ ਪੱਲੇ ਸੱਚਮੁੱਚ ਹੀ ਕੁਝ ਨਹੀਂ ਹੁੰਦਾ। ਇਨ੍ਹਾਂ ਦਾ ਧਾਰਮਿਕ ਲਬਾਦਾ ਤਾਂ ਜਲਦੀ ਹੀ ਲੀਰੋ-ਲੀਰ ਹੋ ਜਾਂਦਾ ਹੈ। ਚੰਗਾ ਯਤਨ ਹੋਇਆ ਕਿ ਹਰਿਆਣਾ ਦੇ ਮੇਵਾਤ ਵਿੱਚ ਸਰਬ-ਧਰਮ ਸਭਾ ਕਰਾਉਣ ਦੀ ਖ਼ਬਰ ਆਈ ਸੀ। ਹੋਈ ਜਾਂ ਨਹੀਂ ਹੋਈ, ਕੋਈ ਜਾਣਕਾਰੀ ਨਹੀਂ, ਪਰ ਫਿਰਕਾਪ੍ਰਸਤੀ ਵਿਰੁੱਧ ਇਹ ਸਰੋਤ ਸੁੱਕਣੇ ਨਹੀਂ ਚਾਹੀਦੇ। ਪਰ ਕਿਸਾਨਾਂ ਵੱਲੋਂ ਖਾਪ ਪੰਚਾਇਤਾਂ ਦੇ ਵੱਡੇ ਇਕੱਠ ਕਰਕੇ ਹਿੰਦੂਤਵੀ ਫਿਰਕਾਪ੍ਰਸਤਾਂ ਨੂੰ ਖੁੱਲੀ ਚੁਣੌਤੀ ਦਿੱਤੀ ਗਈ ਹੈ। ਖਾਲਸਾ ਏਡ ਅਤੇ ਹੋਰ ਸਿੱਖ ਸੰਗਠਨਾਂ ਨੂੰ ਹੁਣ ਗਿਆਨ ਹੋ ਗਿਆ ਹੋਵੇਗਾ ਕਿ ਲੰਗਰ ਵਰਗੀ ਮਹਾਨ ਪ੍ਰੰਪਰਾ ਤਾਂ ਹੀ ਸੰਭਵ ਹੈ ਜੇਕਰ ਧਰਮ ਅੰਦਰ ਜੋ ਵੀ ਮਾਨਵੀ ਹੈ, ਉਸ ਦੇ ਵੀ ਬਰਾਬਰ ਲੰਗਰ ਲਗਾਏ ਜਾਣ। ਇਨ੍ਹਾਂ ਲੰਗਰਾਂ ਵਿੱਚ ਬਾਬਾ ਨਾਨਕ ਦਾ ਸਾਂਝੀਵਾਲਤਾ ਅਤੇ ਆਪਸੀ ਭਾਈਚਾਰਕ ਪਿਆਰ ਦੇ ਲੰਗਰ ਵੀ ਲਾਉਣੇ ਬਣਦੇ ਹਨ। ਚੰਗਾ ਹੁੰਦਾ ਜੇ ਹਰਿਆਣਾ ਦੇ ਮੇਵਾਤ ਵਿੱਚ ਸਿੱਖ ਭਾਈਚਾਰਕ ਏਕਤਾ ਲਈ ਕੋਈ ਵੱਖਰਾ ਯਤਨ ਕਰਦਾ। ਮੈਂ ਸੁਚੇਤ ਹਾਂ ਕਿ ਕਈ ਕਮਿਊਨਿਸਟ ਸਿਧਾਂਤਕਾਰ ਫਿਰਕਾਪ੍ਰਸਤੀ ਵਿਰੁੱਧ ਧਾਰਮਿਕ ਸਰੋਤਾਂ/ਪ੍ਰੇਰਣਾਮਾ ਦੀ ਵਰਤੋਂ ਨੂੰ ਬੇਕਾਰ ਹਥਿਆਰ ਕਹਿ ਕੇ ਇਸ ਦਾ ਮਖੌਲ ਵੀ ਉਡਾ ਸਕਦੇ ਹਨ, ਪਰ ਸੱਚ ਇਹੀ ਹੈ ਕਿ ਧਰਮ ਸਮਾਜ ਦਾ ਅਤੇ ਮਨੁੱਖੀ ਮਨ-ਮਸਤਕ ਦਾ ਅੰਗ ਹੈ। ਇਹ ਜਾਣਦਿਆਂ ਹੋਇਆਂ ਕਿ ਧਰਮ ਮਨੁੱਖ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿੱਚ ਨਹੀਂ ਹੈ।

ਫਿਰਕਾਪ੍ਰਸਤੀ ਵਿਰੁੱਧ ਧਾਰਮਿਕ ਸਰੋਤਾਂ ਉਪਰੰਤ ਰਾਜਨੀਤਕ ਪਾਰਟੀਆਂ ਹਨ, ਪਰ ਕਿਉਂਕਿ ਸਿਆਸੀ ਪਾਰਟੀਆਂ ਨੇ ਹੁਣ ਵੋਟਾਂ ਲਈ ਜਲਦੀ ਤਿਆਰ ਹੋਣ ਵਾਲੀ ਅਤੇ ਵਧੇਰੇ ਝਾੜ ਦੇਣ ਵਾਲੀ ਫਿਰਕਾਪ੍ਰਸਤੀ ਦੀ ਖੇਤੀ ਦਾ ਜਲਵਾ ਵੇਖ ਲਿਆ ਹੈ। ਇਸ ਲਈ ਜਦੋਂ ਤੱਕ ਇਹ ਪਾਰਟੀਆਂ ਦੇਸ਼ ਵਿੱਚ ਅਪਣਾਏ ਆਰਥਿਕ ਮਾਡਲ ਦਾ ਕੇਵਲ ਵਿਰੋਧ ਨਹੀਂ, ਬਦਲਵਾਂ ਆਰਥਕ ਮਾਡਲ ਨਹੀਂ ਦਿੰਦੀਆਂ, ਉਦੋਂ ਤੱਕ ਇਨ੍ਹਾਂ ਉਤੇ ਭਰੋਸਾ ਕਰਨਾ ਭੁਲੇਖਾ ਖਾਣਾ ਹੀ ਹੈ ਚੱਲ ਰਹੇ ਆਰਥਕ ਮਾਡਲ ਨਾਲ ਸਹਿਮਤੀ ਅਤੇ ਭਾਜਪਾ ਦੀ ਫਿਰਕਾਪ੍ਰਸਤੀ ਦਾ ਵਿਰੋਧ ਵਿਚਲਾ ਖੋਖਲਾਪਣ ਹੀ ਤਾਂ ਹੈ ਕਿ ਕਿਸੇ ਵੇਲੇ ਰਾਹੁਲ ਗਾਂਧੀ ਵੀ ਮੰਦਰਾਂ ਵਿੱਚ ਮੱਥਾ ਟੇਕਣ ਤੋਂ ਪਹਿਲਾਂ ਜਨੇਊ ਵਿਖਾਉਣ ਲੱਗ ਗਿਆ ਸੀ। ਕੇਜਰੀਵਾਲ ਹਨੂੰਮਾਨ ਭਗਤ ਹੋਣ ਤੋਂ ਵੀ ਅੱਗੇ ਕਰੰਸੀ ਨੋਟਾਂ 'ਤੇ ਗਣੇਸ਼ ਅਤੇ ਮਾਂ ਲਕਸ਼ਮੀ ਦੀ ਫੋਟੋ ਲਗਵਾਉਣ ਦੀ ਵਕਾਲਤ ਕਰਦਾ ਹੈ। ਰਾਹੁਲ ਗਾਂਧੀ ਨੇ ਕੁਝ ਨਹਿਰੂਵਾਦੀ ਆਰਥਿਕ ਨੀਤੀ ਦੇ ਸੰਕੇਤ ਦਿੱਤੇ ਹਨ ਅਤੇ ਆਰ ਐੱਸ ਐੱਸ ਨੂੰ ਫਿਰਕਾਪ੍ਰਸਤੀ ਦੀ ਜੜ੍ਹ ਮੰਨ ਕੇ ਇਸ ਵਿਰੁੱਧ ਸਿਧਾਂਤਕ ਅਤੇ ਐਲਾਨੀਆ ਪੈਂਤੜਾ ਲੈ ਲਿਆ ਹੈ, ਪਰ ਮੱਧ ਪ੍ਰਦੇਸ਼ ਕਾਂਗਰਸ ਦੇ ਸੰਭਾਵੀ ਮੁੱਖ ਮੰਤਰੀ ਨੂੰ ਬੇਸ਼ਰਮੀ ਨਾਲ ਉਸ ਬਾਗੇਸ਼ਵਰ ਬਾਬਾ ਦਾ ਸਵਾਗਤ ਕਰਦਿਆਂ ਵੀ ਅਸੀਂ ਵੇਖਦੇ ਹਾਂ। ਜਿਹੜਾ ਸ਼ਰੇਆਮ ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਸੱਦੇ ਦਿੰਦਾ ਫਿਰਦਾ ਹੈ। ਇਹੀ ਨਹੀਂ, ਉਸ ਦੀ ਹਿੰਦੂ ਰਾਸ਼ਟਰ ਦੀ ਵਿਆਖਿਆ ਅੱਖਰ-ਅੱਖਰ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨਾਲ ਮਿਲਦੀ ਹੈ। ਖੇਤਰੀ ਪਾਰਟੀਆਂ ਫਿਰਕਾਪ੍ਰਸਤੀ ਵਿਰੁੱਧ ਗੰਭੀਰ ਨਹੀਂ। ਕੇਵਲ ਕਮਿਊਨਿਸਟ ਹਨ, ਜੋ ਆਰਥਿਕ ਮਾਡਲ ਦੇ ਪੂੰਜੀਪਤੀ ਲਾਭਪਾਤਰੀਆਂ ਨਾਲ ਫਿਰਕਾਪ੍ਰਸਤੀ ਨੂੰ ਜੋੜ ਕੇ ਵੇਖਦੇ, ਸਮਝਦੇ ਅਤੇ ਵਿਰੋਧ ਕਰਦੇ ਹਨ।

ਫਿਰਕਾਪ੍ਰਸਤੀ ਵਿਰੁੱਧ ਲੜਾਈ ਦਾ ਪੜਾਅ ਇੱਕ ਨਵੇਂ ਦੌਰ ਵਿੱਚ ਹੈ। ਜਿਸ ਢੰਗ ਨਾਲ ਫਿਰਕਾਪ੍ਰਸਤੀ ਨੇ ਥਾਂ-ਥਾਂ ਅੱਗ ਦਾ ਭਾਂਬੜ ਬਾਲਣਾ ਸ਼ੁਰੂ ਕੀਤਾ ਹੈ, ਉਸ ਤੋਂ ਸਮਾਜ ਦੇ ਵੱਡੇ ਹਿੱਸੇ ਇਸ ਤੋਂ ਪਾਸਾ ਵੱਟਣ ਲੱਗ ਪਏ ਹਨ, ਪਰ ਦੂਜੇ ਬੰਨੇ ਪੱਕ ਚੁੱਕੇ ਫਿਰਕਾਪ੍ਰਸਤੀਏ ਹੋਰ ਪਰਪੱਕ ਵੀ ਹੋਏ ਹਨ। ਵੋਟਾਂ ਦੀ ਰਾਜਨੀਤੀ ਨੇ ਵਿਰੋਧੀਆਂ ਨੂੰ "ਇੰਡੀਆ" ਗੱਠਜੋੜ ਦਾ ਨਾਂਅ ਦਿੱਤਾ ਹੈ। ਅਗਲਾ ਕਾਰਜ ਇਸ ਏਜੰਡੇ ਦਾ ਮੁੱਢਲਾ ਸਰੂਪ ਸਾਹਮਣੇ ਆਉਣ ਵਾਲਾ ਹੈ। ਬਿਨਾਂ ਸ਼ੱਕ ਲੋਕਤੰਤਰ ਦੀ ਰਖਵਾਲੀ ਪਹਿਲੇ ਨੰਬਰ ਉਤੇ ਰਹੇਗੀ, ਪਰ ਫਿਰਕਾਪ੍ਰਸਤੀ ਦੇ ਵਿਰੋਧ ਨੂੰ ਵੀ ਥਾਂ ਮਿਲਣੀ ਚਾਹੀਦੀ ਹੈ। ਇਹ ਹੁਣ ਕਮਿਊਨਿਸਟਾਂ ਉੱਤੇ ਨਿਰਭਰ ਕਰੇਗਾ ਕਿ ਉਹ ਰਾਹੁਲ ਗਾਂਧੀ ਅਤੇ ਖੜਗੇ ਨੂੰ ਕਿੰਨਾ ਕੁ ਤੁਣਕ ਕੇ ਫਿਰਕਾਪ੍ਰਸਤੀ ਨੂੰ "ਇੰਡੀਆ" ਦਾ ਚੋਣ ਮੁੱਦਾ ਬਣਾ ਸਕਣਗੇ।

ਫਿਰਕਾਪ੍ਰਸਤੀ ਵਿਰੁੱਧ ਲੜਨ ਵਾਲੀ ਭਰੋਸੇਮੰਦ ਸ਼ਕਤੀ ਕਿਸਾਨ ਅਤੇ ਮਜ਼ਦੂਰ ਸੰਗਠਨ ਹਨ। ਜਦੋਂ ਅਤੇ ਜਿੱਥੇ ਇਹ ਧਿਰਾਂ ਝੰਡੇ ਗੱਡਦੀਆਂ ਹਨ, ਉਥੇ ਫਿਰਕਾਪ੍ਰਸਤੀ ਫਿੱਕੀ ਪੈ ਜਾਂਦੀ ਹੈ। ਕਿਸਾਨ ਮੋਰਚੇ ਦੀ ਮਿਸਾਲ ਸਾਡੇ ਸਾਹਮਣੇ ਹੈ, ਪਰ ਇਸ ਸ਼ਕਤੀ ਦੀ ਕਮਜ਼ੋਰੀ ਹੈ ਕਿ ਇਸ ਸ਼ਕਤੀ ਦਾ ਜਲਵਾ ਚੱਲਦੇ ਸੰਘਰਸ਼ ਤੱਕ ਹੀ ਸੀਮਤ ਰਹਿੰਦਾ ਹੈ। ਸੰਘਰਸ਼ ਜਦੋਂ ਸੜਕਾਂ, ਗਲੀਆਂ ਤੋਂ ਅਲੋਪ ਹੋ ਜਾਂਦਾ ਹੈ ਤਾਂ ਇਹ ਫਿਰਕਾਪ੍ਰਸਤੀ ਤੁਰੰਤ ਫੰਨ ਚੁੱਕ ਲੈਂਦੀ ਹੈ। ਇਸ ਸੱਚਾਈ ਤੋਂ ਇਨ੍ਹਾਂ ਸੰਗਠਨਾਂ ਨੂੰ ਸਬਕ ਲੈਣਾ ਬਣਦਾ ਹੈ ਕਿ ਫਿਰਕਾਪ੍ਰਸਤੀ ਵਿਰੁੱਧ ਸੰਘਰਸ਼ ਵਕਤੀ ਨਾ ਹੋ ਕੇ ਨਿਰੰਤਰ ਰੱਖਣਾ ਪਏਗਾ। ਸਿਧਾਂਤਕ ਰੱਖਣਾ ਪਏਗਾ। ਜੇਕਰ ਇਹਨੂੰ ਨਿਰੰਤਰਤਾ ਦੇਣੀ ਹੈ ਤਾਂ ਮੰਦਰ, ਗੁਰਦਵਾਰੇ, ਮਸਜਿਦਾਂ ਅਤੇ ਚਰਚ ਸੁੰਨੇ ਨਹੀਂ ਛੱਡਣੇ ਹੋਣਗੇ। ਹਰ ਧਾਰਮਿਕ ਆਗੂ, ਬਾਬਾ ਅਤੇ ਪੁਜਾਰੀ ਦੀਆਂ ਸਰਗਰਮੀਆਂ ਉਤੇ ਨਜ਼ਰ ਰੱਖਣੀ ਪਏਗੀ।

ਉਪਰੋਕਤ ਕਾਰਜ ਸੌਖਾ ਨਹੀਂ। ਫਿਰਕਾਪ੍ਰਸਤੀ ਦੇ ਨਿਕਾਸ ਅਤੇ ਵਿਕਾਸ ਦੇ ਹਰ ਪੜਾਅ, ਇਸ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਅਤੇ ਉਨ੍ਹਾ ਦੇ ਮੰਤਵ ਦਾ ਗਿਆਨ ਹੋਣਾ ਜ਼ਰੂਰੀ ਹੈ। ਫਿਰਕਾਪ੍ਰਸਤੀ ਦੇ ਚੱਲਦਿਆਂ ਸਮਾਜ ਪ੍ਰਗਤੀ ਦਾ ਰਾਹ ਫੜ ਹੀ ਨਹੀਂ ਸਕਦਾ। ਜੇਕਰ ਇਸ ਨੂੰ ਨੱਪਿਆ ਨਾ ਗਿਆ ਤਾਂ ਇਹ ਭਾਰਤੀ ਲੋਕਤੰਤਰ ਹੀ ਨਹੀਂ, ਸਮੁੱਚੇ ਸਮਾਜ ਦਾ ਵਿਨਾਸ਼ ਕਰੇਗੀ। ਨੁਕਸਾਨ ਪਹਿਲਾਂ ਹੀ ਬਹੁਤ ਹੋ ਚੁੱਕਾ ਹੈ। ਅਫ਼ਸਰਸ਼ਾਹੀ ਦਾ ਭਗਵਾਂਕਰਨ ਹੋ ਚੁੱਕਾ ਹੈ। ਨਿਆਂ ਪ੍ਰਣਾਲੀ ਵਿੱਚ ਇੱਧਰ-ਉੱਧਰ ਇਸ ਦੀ ਘੁਸਪੈਠ ਬਾਹਰ ਆ ਰਹੀ ਹੈ। ਹਥਿਆਰਬੰਦ ਬਲਾਂ ਨੂੰ ਦਿੱਲੀ ਦੰਗਿਆਂ ਦੌਰਾਨ ਸਭ ਨੇ ਵੇਖ ਲਿਆ। ਸਿੱਖਿਆ ਦਾ ਭਗਵਾਂਕਰਨ ਤੇਜ਼ੀ ਨਾਲ ਜਾਰੀ ਹੈ।

ਯਾਦ ਰੱਖਣਾ ਹੋਏਗਾ ਕਿ ਜੇਕਰ ਦੇਸ਼ ਦੀ ਖੁਸ਼ਕਿਸਮਤੀ ਨਾਲ ਭਾਜਪਾ, 2024 ਦੀ ਲੋਕ ਸਭਾ ਹਾਰ ਵੀ ਜਾਂਦੀ ਹੈ ਤਾਂ ਇੰਡੀਆ ਦੀ ਜਿੱਤ ਤੋਂ ਬਾਅਦ ਦਾ ਸਮਾਂ ਹੋਰ ਵੀ ਅਸ਼ਾਂਤ ਬਣਿਆ ਰਹਿਣਾ ਹੈ, ਕਿਉਂਕਿ ਭਾਜਪਾ ਦੀ ਘੁਸਪੈਠ ਵਿਆਪਕ ਅਤੇ ਫਿਰਕੂ ਸੰਗਠਨਾਂ ਦੇ ਮੂੰਹ ਨੂੰ ਖ਼ੂਨ ਲੱਗ ਚੁੱਕਾ ਹੈ। ਨਵਿਆਂ ਨੂੰ ਇੱਕ ਪਾਸੇ ਸੱਚਮੁੱਚ ਦਾ ਲੋਕ ਪੱਖੀ ਕਲਿਆਣਕਾਰੀ ਬਦਲਵਾਂ ਆਰਥਿਕ ਮਾਡਲ ਲਿਆਉਣਾ ਹੋਵੇਗਾ। ਦੂਜੇ ਪਾਸੇ ਫਿਰਕਾਪ੍ਰਸਤੀ ਵਿਰੁੱਧ ਸਿਧਾਂਤਕ ਪੈਂਤੜੇ ਤੋਂ ਲੜਨਾ ਹੋਵੇਗਾ। ਜਦੋਂ ਤੱਕ ਦੋਨਾਂ ਫਰੰਟਾਂ ਉੱਤੇ ਦ੍ਰਿੜ੍ਹਤਾ ਨਾਲ ਨਹੀਂ ਚੱਲਿਆ ਜਾਂਦਾ, ਉਦੋਂ ਤੱਕ ਲੜਾਈ ਅਧੂਰੀ ਰਹੇਗੀ, ਜ਼ਖ਼ਮੀ ਸੱਪ ਵਧੇਰੇ ਖ਼ੂੰਖਾਰ ਹੁੰਦਾ ਹੈ। ਫਿਰਕਾਪ੍ਰਸਤ ਭਾਜਪਾ ਦੀ ਵਾਪਸੀ ਜ਼ਿਆਦਾ ਭਿਆਨਕ ਹੋਵੇਗੀ।

ਸਾਡੀ ਉਮੀਦ ਹੈ ਕਿ ਫਿਰਕਾਪ੍ਰਸਤੀ ਉਤੇ ਸਿਆਣੇ ਲੋਕ ਲਿਖਣ ਦਾ ਕਾਰਜ ਕਰਨਗੇ, ਕਿਉਂਕਿ ਫਿਰਕਾਪ੍ਰਸਤੀ ਕੋਈ ਸਧਾਰਨ ਵਰਤਾਰਾ ਨਹੀਂ, ਇਸ ਉਤੇ ਹਰ ਪੱਖ ਤੋਂ ਲਿਖੀਆਂ ਲਿਖਤਾਂ ਆਉਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਾਂ ਦੀ ਇਸ ਵਿਰੁੱਧ ਸਮਝਦਾਰੀ ਗਹਿਰੀ ਅਤੇ ਐਕਸ਼ਨ ਪ੍ਰੇਰਕ ਹੋਵੇ। 'ਇੰਡੀਆ' ਦੀ ਲੰਮੇ ਸਮੇਂ ਤੱਕ ਸਫ਼ਲਤਾ ਜੇਕਰ ਨਾ ਰਹੀ ਤਾਂ ਭਾਜਪਾ ਦੀ ਮੁੜ ਵਾਪਸੀ 'ਤੇ ਉਸ ਦੀ ਭਿਆਨਕਤਾ ਭੁਗਤਣ ਲਈ ਤਿਆਰ ਰਹਿਣਾ ਹੋਵੇਗਾ। ਫਿਰਕਾਪ੍ਰਸਤੀ ਦੇ ਆਕਾਰ ਦੇ ਹਾਣ ਦਾ ਵਿਰੋਧ ਇੱਕ ਵੱਡੀ ਚੁਣੌਤੀ ਹੈ। ਇਸ ਦੇ ਆਕਾਰ ਬਰਾਬਰ ਇਸ ਵੱਲੋਂ ਕੀਤੀ ਜਾ ਰਹੀ ਤਬਾਹੀ ਦਾ ਥਹੁ ਪਾਉਣਾ ਜ਼ਰੂਰੀ ਹੈ।

**# ਸੰਪਰਕ : 94176-52997**

# ਚੰਦਰਯਾਨ ਮਿਸ਼ਨ ਦੀ ਹੋਈ ਜੈ ਜੈਕਾਰ



ਜਗੀਰ ਸਿੰਘ ਜਗਤਾਰ

ਦੇਸ਼ ਦੇ ਵਿਗਿਆਨੀਆਂ ਦੀ ਇੱਕ ਪੀੜ੍ਹੀ ਦੇ ਯਤਨਾਂ ਨੇ ਭਾਰਤ ਨੂੰ ਪੁਲਾੜ ਦੇ ਖੋਜੀ ਦੇਸ਼ਾਂ ਦੀ ਕਤਾਰ ਵਿਚ ਉੱਚਾ ਸਿਰ ਕਰਕੇ ਖੜ੍ਹਾ ਕਰ ਦਿੱਤਾ ਹੈ। ਬੈਂਗਲੋਰ ਸਥਿਤ ਵਿਗਿਆਨ ਕੇਂਦਰ ਇਸਰੋ ਤੋਂ ਭੇਜਿਆ ਖੋਜੀ ਰਾਕਟ ਚੰਦਰਯਾਨ-3 (23 ਅਗਸਤ ਨੂੰ) ਬੁੱਧਵਾਰ ਸ਼ਾਮ 6 ਵਜੇ ਤੋਂ ਕੁਝ ਪਲ ਬਾਅਦ ਚੰਦਰਮਾ 'ਤੇ ਸਹੀ-ਸਲਾਮਤ ਉਤਰ ਕੇ ਸੁਨੇਹਾ ਦਿੱਤਾ 'ਮੈਂ ਮੰਜ਼ਿਲ 'ਤੇ ਪਹੁੰਚ ਗਿਆਂ।' ਇਸ ਦੇ ਨਾਲ ਭਾਰਤ ਖੋਜੀ ਦੇਸ਼ਾਂ ਅਮਰੀਕਾ, ਚੀਨ, ਸੋਵੀਅਤ ਰੂਸ ਨਾਲ ਭਾਰਤ ਚੌਥੇ ਸਥਾਨ 'ਤੇ ਖੜ੍ਹਾ ਹੋ ਗਿਆ ਹੈ।

ਭਾਰਤ ਦੇ ਇਸ ਚੰਦਰਯਾਨ-3 ਨੂੰ ਧਰਤੀ ਤੋਂ 14 ਜੁਲਾਈ ਨੂੰ ਰਾਕਟ ਰਾਹੀਂ ਪੁਲਾੜ 'ਚ ਪਹੁੰਚਾ ਕੇ ਗ੍ਰਹਿਣ ਪੰਧ 'ਤੇ ਪਾਇਆ ਗਿਆ ਸੀ। ਇਸ ਤੋਂ ਇੱਕ ਹਫਤਾ ਪਹਿਲਾਂ ਰੂਸ ਨੇ ਇੱਕ ਉਨ ਗ੍ਰਹਿ ਭੇਜਿਆ ਸੀ, ਜੋ ਚੰਦਰਮਾ ਨਾਲ ਟਕਰਾ ਕੇ ਟੁੱਟ ਗਿਆ ਸੀ। ਜਦੋਂ ਵੀ ਕੋਈ ਰਾਕੇਟ ਆਦਿ ਚੰਦਰਮਾ ਦੀ ਅਕਰਸ਼ਨ ਸ਼ਕਤੀ ਦੇ ਘੇਰੇ 'ਚ ਪੁੱਜਦਾ ਹੈ, ਉਸ ਵੱਲ ਖਿਚਿਆ ਜਾਂਦਾ ਹੈ ਅਤੇ ਟਕਰਾਅ ਜਾਂਦਾ ਹੈ। ਇਸ ਤੋਂ ਚੰਦਰਯਾਨ ਦੇ ਬਚਣ ਦਾ ਉਪਰਾਲਾ ਪਹਿਲਾਂ ਹੀ ਕੀਤਾ ਹੋਇਆ ਸੀ, ਜੋ ਇਸ ਨੂੰ ਸਫਲਤਾ ਦੇ ਦੁਆਰ 'ਤੇ ਲੈ ਗਿਆ। ਭਾਰਤ ਚੰਦਰਮਾ ਦੇ ਦੱਖਣੀ ਹਿੱਸੇ 'ਤੇ ਉਤਰਨ ਵਾਲਾ ਪਹਿਲਾ ਦੇਸ਼ਹੈ। ਇਸ ਖੇਤਰ ਵਿਚ ਬਰਫ ਜੰਮੀ ਅਤੇ ਪਾਣੀ ਹੁਣ ਦੇ ਸੰਕੇਤ ਹਨ। ਚੰਦਰਯਾਨ-3 ਤੋਂ ਵੱਖ ਹੋਏ ਪ੍ਰਗਿਆਨ ਰੋਵਰ ਨੇ ਜਾਣਕਾਰੀ ਤੇ . ਫੋਟੋਆਂ ਲੈਣ ਦਾ ਕਾਰਜ ਆਰੰਭ ਦਿੱਤਾ ਹੈ।

ਇਸ ਮੁਕਾਮ 'ਤੇ ਪੁੱਜਣ ਲਈ ਭਾਰਤੀ ਵਿਗਿਆਨੀਆਂ ਨੂੰ ਲੰਬਾ ਪੈਂਡਾ ਤਹਿ ਕਰਨਾ ਪਿਆ ਹੈ। ਪਹਿਲਾਂ ਜੀ ਵੀ ਰਮਨ ਅਤੇ ਮੇਘਨੰਦ ਸਾਹਾ ਨੇ ਪੁਲਾੜ ਬਾਰੇ ਖੋਜਾਂ ਕੀਤੀਆਂ। ਵਿਚ ਵਿਕਰਮ ਸਾਰਾਤਾਈ, ਹੋਮੀ ਭਾਵਾ ਨੇ ਪੁਲਾੜ ਤੇ ਪਰਮਾਣੂ ਖੇਤਰ ਦੇ ਖੋਜ ਕਾਰਜਾਂ ਵਿਚ ਸਰਗਰਮ ਭੂਮਿਕਾ ਨਿਭਾਈ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ ਕੌਮੀ ਖੋਜ ਕਮੇਟੀ ਬਣਾਈ ਗਈ। ਵਿਕਰਮ ਸਾਰਾਭਾਈ 1963 ਤੋਂ 1971 ਤੱਕ ਇਸ ਕਮੇਟੀ ਦੇ ਚੇਅਰਮੈਨ ਰਹੇ। ਇਸ ਪਿੱਛੋਂ ਇਸਰੋ ਦੇ ਪਹਿਲੇ ਪ੍ਰਧਾਨ ਬਣੇ। ਹੁਣ ਵਾਲਾ ਕਾਰਜ ਐੱਮ ਸੰਕਰਨ (ਸੈਟੇਲਾਈਟ ਨੂੰ ਡਿਜ਼ਾਇਨ ਕਰਨ ਵਾਲੇ), ਐੱਮ ਸਮਨਾਥ (ਚੰਦਰਯਾਨ-3 ਰਾਕੇਟ ਦੇ ਡਿਜ਼ਾਇਨਰ), ਪੀ.ਵੀਰ ਮੁਝੇਵਲ, ਊਨੀ ਕ੍ਰਿਸ਼ਨਨ ਨਾਇਰ, ਡਾ. ਕੇ. ਕਪਲਨਾ ਆਦਿ ਦੀ ਅਗਵਾਈ ਵਿਚ ਚੰਨ 'ਤੇ ਪਹੁੰਚ ਕਰਨ ਦਾ ਮਾਣਮੱਤਾ ਮਿਸਨ ਪੂਰਾ ਹੋਇਆ। ਇਹ ਤਾਂ ਕੁਝ ਮੋਢੀ ਨਾਂਅ ਹਨ, ਪਰ ਇਸ ਕਾਰਜ ਵਿਚ ਵਿਗਿਆਨੀਆਂ ਦੀ ਵੱਡੀ ਗਿਣਤੀ ਲੱਗੀ ਹੋਈ ਹੈ, ਜਿਹਨਾਂ ਵਿਚ 45 ਔਰਤ ਵਿਗਿਆਨੀ ਵੀ ਹਨ, ਇਹਨਾਂ ਸਭ ਨੇ ਮਿਲ ਕੇ ਸੋਝੀ ਭਰੀ ਦਿਨ-ਰਾਤ ਦੀ ਮਿਹਨਤ ਕਰਕੇ ਚੰਦਰਯਾਨ ਦੇ ਮਿਸ਼ਨ ਨੂੰ ਸਫਲ ਬਣਾ ਕੇ ਭਾਰਤ ਦੀ ਜੈ ਜੈਕਾਰ ਕਰਵਾਈ ਹੈ।



ਇਸ ਵਿਗਿਆਨਕ ਮਿਸ਼ਨ ਵਿਚ ਪੰਜਾਬ ਦੇ 5 ਨੌਜਵਾਨ . ਵਿਗਿਆਨੀਆਂ ਨੇ ਵੀ ਹਿੱਸਾ ਪਾਇਆ ਹੈ। ਇਹਨਾਂ ਵਿੱਚੋਂ ਤਿੰਨ ਫਾਜ਼ਿਲਕਾ ਜ਼ਿਲ੍ਹੇ ਦੇ ਜੰਮਪਲ ਹਨ, ਜੋ 150 ਉਹਨਾਂ ਵਿਗਿਆਨੀਆਂ ਵਿਚ ਸ਼ਾਮਲ ਸਨ, ਜਿਹਨਾਂ ਚੰਦਰਯਾਨ-3 ਦੀ ਡਿਜ਼ਾਈਨਿੰਗ ਦਾ ਕਾਰਜ ਕੀਤਾ ਸੀ। ਇਹਨਾਂ ਵਿਚ ਇੱਕ ਨਿਤਿਸ਼ ਧਵਨ, ਦੂਜਾ ਗੌਰਵ ਕੰਬੋਜ, ਤੀਸਰਾ ਜੰਗਮੀਤ ਸਿੰਘ, ਦੋ ਨੌਜਵਾਨ ਪਟਿਆਲਾ ਜ਼ਿਲ੍ਹੇ ਦੇ ਕਮਲਦੀਪ ਸ਼ਰਮਾ ਅਤੇ ਮਨੀਸ਼ ਗੁਪਤਾ, ਮੋਗਾ ਦੇ ਹਰਜੀਤ ਸਿੰਘ ਹਨ। ਇਹਨਾਂ ਛੇ ਨੇ ਚੰਦਰਯਾਨ ਮਿਸ਼ਨ 'ਚ ਹਿੱਸਾ ਲੈ ਕੇ ਪੰਜਾਬ ਦੀ ਸ਼ਾਨ ਵਧਾਈ ਹੈ। ਇਸ ਨਾਲ ਪੰਜਾਬ ਵਾਸੀਆਂ, ਖਾਸ ਕਰਕੇ ਨੌਜਵਾਨਾਂ ਨੂੰ ਦੁੱਗਣੀ ਖੁਸ਼ੀ ਹੋਈ ਹੈ। ਚੰਦਰਯਾਨ-3 ਦੀ ਸਫਲਤਾ 'ਤੇ ਸਮੂਹ ਭਾਰਤੀਆਂ ਨੂੰ ਮਾਣ ਹੈ।

***# ਸੰਪਰਕ : 94179-71600***

# ਇਨਕਲਾਬੀ ਮਹਿਕਾਂ ਵੰਡਦੇ ਸਤਵਰਗ ਦੀਆਂ ਅਮਿੱਟ ਪੈੜਾਂ



ਬੂਟਾ ਸਿੰਘ ਮਹਿਮੂਦਪੁਰ

26 ਅਗਸਤ ਨੂੰ ਇਨਕਲਾਬੀ ਕਲਮਕਾਰ ਅਤੇ ਉੱਘੇ ਕਮਿਊਨਿਸਟ ਆਗੂ ਬਾਰੂ ਸਤਵਰਗਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਸਾਢੇ ਸੱਤ ਦਹਾਕੇ ਲੰਮੀ ਜ਼ਿੰਦਗੀ ਆਪਣੇ-ਆਪ ਵਿਚ ਇਕ ਇਤਿਹਾਸ ਹੈ। ਦੱਬੇ-ਕੁਚਲੇ ਕਿਰਤੀ ਪਰਵਾਰ ਦੇ ਜਾਏ ਦੇ ਰੋਜ਼ੀ-ਰੋਟੀ ਲਈ ਸੰਘਰਸ਼ ਦਾ, ਇਨਕਲਾਬੀ ਸਾਹਿਤ ਦੀ ਸਿਰਜਣਾ ਦਾ ਅਤੇ ਮਲਕ ਭਾਗੋਆਂ ਦੀ ਥੋਪੀ ਨਾਬਰਾਬਰੀ, ਬੇਰਹਿਮ ਲੁੱਟਖਸੁੱਟ ਤੇ ਦਾਬੇ ਤੋਂ ਭਾਈ ਲਾਲੋਆਂ ਦੀ ਮੁਕਤੀ ਲਈ ਸੰਘਰਸ਼ਾਂ ਦਾ ਇਤਿਹਾਸ। 13 ਅਕਤੂਬਰ 1945 ਨੂੰ ਕਿਰਤੀ ਪਰਵਾਰ 'ਚ ਜਨਮੇ ਬਾਰੂ ਬੇਹੱਦ ਮੁਸ਼ਕਲ ਹਾਲਾਤ ਨਾਲ ਮੱਥਾ ਲਾਉਂਦਿਆਂ ਜੇ.ਬੀ.ਟੀ. ਕਰਕੇ ਅਧਿਆਪਕ ਲੱਗ ਗਏ। ਨੌਕਰੀ ਦੀ ਸਹੂਲਤ ਵਾਲੀ ਜ਼ਿੰਦਗੀ ਜਿਊਣ ਦੀ ਬਜਾਏ ਉਨ੍ਹਾਂ ਨੇ ਅਧਿਆਪਨ ਦੇ ਨਾਲ-ਨਾਲ ਸਮਾਜ ਦੇ ਸਭ ਤੋਂ ਦੱਬੇ-ਕੁਚਲੇ ਲੋਕਾਂ ਦੇ ਭਵਿੱਖ ਨੂੰ ਸੰਵਾਰਨ ਲਈ ਸੱਤਾ ਨਾਲ ਮੱਥਾ ਲਾਉਣ ਦਾ ਬਿਖੜਾ ਰਾਹ ਚੁਣਿਆ, ਆਪਣੀ ਕਰਮਭੂਮੀ ਦਲਿਤ ਵਿਹੜਿਆਂ ਨੂੰ ਬਣਾਇਆ ਅਤੇ ਤਾਉਮਰ ਇਸ ਲੰਮੇਰੇ ਪੰਧ ਦੇ ਅਡੋਲ ਪਾਂਧੀ ਬਣ ਕੇ ਨਿਭੇ।

ਬਾਰੂ ਸਤਵਰਗ ਪਿੰਡ ਰਾਇਪੁਰ (ਜ਼ਿਲ੍ਹਾ ਮਾਨਸਾ) ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਸਨ, ਜਦੋਂ 1970ਵਿਆਂ ਦੇ ਸ਼ੁਰੂ 'ਚ ਇਸੇ ਪਿੰਡ ਦੇ ਦੋ ਨੌਜਵਾਨਾਂ ਸਮੇਤ ਪੰਜ ਨਕਸਲੀਆਂ ਨੂੰ ਝੂਠੇ ਪੁਲਸ ਮੁਕਾਬਲਿਆਂ 'ਚ ਮਾਰਿਆ ਗਿਆ। ਰਾਜਕੀ ਦਹਿਸ਼ਤਵਾਦ ਨਾਲ ਟਕਰਾਅ ਰਹੇ ਨਕਸਲੀ ਇਨਕਲਾਬੀਆਂ ਦੇ ਜਾਂਬਾਜ਼ ਕਾਰਨਾਮਿਆਂ ਦੀ ਚਰਚਾ ਨੇ ਜਿਗਿਆਸੂ ਨੌਜਵਾਨ ਦੇ ਮਨ ਵਿਚ ਨਕਸਲੀ ਲਹਿਰ ਨੂੰ ਸਮਝਣ ਦੀ ਉਤਸੁਕਤਾ ਪੈਦਾ ਕੀਤੀ। ਉਨ੍ਹਾਂ ਨੇ ਇਨਕਲਾਬੀ ਸਾਹਿਤ ਪੜ੍ਹਨਾ ਸ਼ੁਰੂ ਕੀਤਾ ਤੇ ਨਕਸਲੀ ਸਿਆਸਤ ਉਨ੍ਹਾਂ ਦੀ ਜ਼ਿੰਦਗੀ ਦਾ ਰਾਹ-ਦਸੇਰਾ ਬਣ ਗਈ। ਇਹ ਕੁਰਬਾਨੀਆਂ, ਸ਼ਹਾਦਤਾਂ ਅਤੇ ਜੁਝਾਰੂ ਸਾਹਿਤ ਦੀ ਸਿਰਜਣਾ ਜੋਸ਼ੀਲਾ ਦਾ ਦੌਰ ਸੀ। ਸੰਤ ਰਾਮ ਉਦਾਸੀ ਵਰਗੇ ਜੁਝਾਰੂ ਕਵੀਆਂ ਦੇ ਵਿਦ੍ਰੋਹੀ ਬੋਲ ਪੰਜਾਬ ਦੀ ਫ਼ਿਜ਼ਾ 'ਚ ਗੂੰਜ ਰਹੇ ਸਨ। ਬਾਰੂ ਦਾ ਸੰਵੇਦਨਸ਼ੀਲ ਮਨ ਇਸ ਤੋਂ ਕਿਵੇਂ ਅਣਭਿੱਜ ਰਹਿ ਸਕਦਾ ਸੀ। ਉਹ ਸੰਘਰਸ਼ ਅਤੇ ਕਲਮ ਦੋਵਾਂ ਮੁਹਾਜ਼ਾਂ 'ਤੇ ਸਰਗਰਮ ਹੋ ਗਏ। ਇਨਕਲਾਬੀ ਵਲਵਲੇ ਕਵਿਤਾ ਤੇ ਲੇਖਾਂ ਦਾ ਰੂਪ ਅਖ਼ਤਿਆਰ ਕਰਨ ਲੱਗੇ। ਬਾਬਾ ਬੂਝਾ ਸਿੰਘ ਦੇ ਸਿਧਾਂਤਕ ਸਕੂਲਾਂ ਨੇ ਉਨ੍ਹਾਂ ਦੇ ਜਮਾਤੀ ਨਜ਼ਰੀਏ ਨੂੰ ਸਾਣ 'ਤੇ ਲਾਇਆ। ਆਪਣੇ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਨੇ ਪਹਿਲਾਂ 'ਕਿਰਤੀ ਕਿੱਸਾ' ਤੇ ਫਿਰ 'ਕਿਰਤੀ ਯੁਗ' ਰਸਾਲੇ ਕੱਢਣੇ ਸ਼ੁਰੂ ਕੀਤੇ। ਬਾਰੂ ਸਤਵਰਗ, ਸੁਰਜੀਤ ਅਰਮਾਨੀ ਅਤੇ ਬੋਘੜ ਸਿੰਘ ਜੇਲ੍ਹ 'ਚ ਡੱਕ ਦਿੱਤੇ ਗਏ। ਬਠਿੰਡਾ ਅਤੇ ਫ਼ਿਰੋਜ਼ਪੁਰ ਦੀਆਂ ਜੇਲ੍ਹਾਂ 'ਚ ਬੰਦ ਪ੍ਰੋਫੈਸਰ ਸੋਹੀ, ਦੇਵਾ ਸਿੰਘ ਮਾਹਲਾ, ਅਮਰ ਸਿੰਘ ਅੱਚਰਵਾਲ, ਸੁਰਜੀਤ ਘੋਲੀਆ ਆਦਿ ਉੱਘੇ ਕਮਿਊਨਿਸਟ ਆਗੂਆਂ ਨਾਲ ਵਿਚਰ ਕੇ ਉਨ੍ਹਾਂ ਨੂੰ ਕਮਿਊਨਿਸਟ ਵਿਚਾਰਧਾਰਾ ਤੇ ਮਾਰਕਸਵਾਦੀ ਸਿਧਾਂਤ ਨੂੰ ਗਹਿਰਾਈ 'ਚ ਸਮਝਣ ਦਾ ਮੌਕਾ ਮਿਲਿਆ। ਜੇਲ੍ਹ ਜ਼ਿੰਦਗੀ ਨੇ ਉਨ੍ਹਾਂ ਦੀ ਨਿਹਚਾ ਤੇ ਵਚਨਬੱਧਤਾ ਨੂੰ ਹੋਰ ਵੀ ਦ੍ਰਿੜ੍ਹ ਕਰ ਦਿੱਤਾ।

ਇਸ ਤੋਂ ਅੱਗੇ ਚੱਲ ਸੋ ਚੱਲ, ਉਹ ਸਾਹਿਤਕ ਸਭਾਵਾਂ ਤੇ ਲੋਕ ਜਥੇਬੰਦੀਆਂ ਬਣਾਉਣ ਅਤੇ ਜਥੇਬੰਦੀਆਂ ਨੂੰ ਚਲਾਉਣ ਤੇ ਅਗਵਾਈ ਦੇਣ ਦੇ ਅਣਥੱਕ ਕੰਮ 'ਚ ਜੁਟ ਗਏ। ਅਪ੍ਰੈਲ 1981 'ਚ ਉਨ੍ਹਾਂ ਨੇ ਸਥਾਪਤੀ ਪੱਖੀ ਕਲਮਕਾਰਾਂ ਨਾਲੋਂ ਨਿਖੇੜੇ ਦੀ ਸਿੱਧੀ ਲਕੀਰ ਖਿੱਚਦਿਆਂ ਭਾਜੀ ਗੁਰਸ਼ਰਨ ਸਿੰਘ, ਦੇਵਾ ਸਿੰਘ ਮਾਹਲਾ, ਸੰਤੋਖ ਸਿੰਘ ਬਾਜਵਾ, ਡਾ. ਸਾਧੂ ਸਿੰਘ ਨਾਲ ਮਿਲ ਕੇ 'ਕ੍ਰਾਂਤੀਕਾਰੀ ਸਾਹਿਤ ਸਭਾ' ਬਣਾਈ ਅਤੇ ਵੱਖ-ਵੱਖ ਸਮੇਂ ਇਸ ਦੇ ਪ੍ਰਧਾਨ ਤੇ ਸਕੱਤਰ ਰਹੇ। ਪ੍ਰੋਫੈਸਰ ਵਰਵਰਾ ਰਾਓ, ਗ਼ਦਰ ਤੇ ਹੋਰ ਇਨਕਲਾਬੀ ਬੁੱਧੀਜੀਵੀਆਂ ਵੱਲੋਂ ਆਲ ਇੰਡੀਆ ਲੀਗ ਫਾਰ ਰੈਵੋਲੂਸ਼ਨਰੀ ਕਲਚਰ ਬਣਾਏ ਜਾਣ 'ਤੇ ਉਨ੍ਹਾਂ ਨੇ ਪਹਿਲਕਦਮੀ ਕਰਕੇ ਕ੍ਰਾਂਤੀਕਾਰੀ ਸਾਹਿਤ ਸਭਾ ਨੂੰ ਆਲ ਇੰਡੀਆ ਮੰਚ ਨਾਲ ਜੋੜਿਆ। ਉਹ ਲੀਗ ਦੀਆਂ ਦੇਸ਼ਵਿਆਪੀ ਸਰਗਰਮੀਆਂ ਦਾ ਹਿੱਸਾ ਬਣੇ ਅਤੇ ਵੱਖ-ਵੱਖ ਰਾਜਾਂ ਵਿਚ ਜਾ ਕੇ ਮੀਟਿੰਗਾਂ, ਸੈਮੀਨਾਰਾਂ, ਗੋਸ਼ਟੀਆਂ ਤੇ ਸੱਭਿਆਚਾਰਕ ਸਮਾਗਮਾਂ 'ਚ ਯੋਗਦਾਨ ਪਾਉਂਦੇ ਰਹੇ। ਉਨ੍ਹਾਂ ਦੀ ਅਗਵਾਈ ਹੇਠ ਪਿੰਡਾਂ ਦੇ ਕਿਰਤੀਆਂ ਦੀ ਜਥੇਬੰਦੀ ਕਿਰਤੀ ਮਜ਼ਦੂਰ ਯੂਨੀਅਨ ਬਣਾਈ ਗਈ, ਜਿਸ ਨੇ ਭਾਰਤ ਵਿਚ ਸਮਾਜੀ ਤਬਦੀਲੀ ਅੰਦਰ ਜਾਤਪਾਤ ਵਿਰੁੱਧ ਲੜਾਈ ਦੇ ਮਹੱਤਵ ਅਤੇ ਕਿਰਤੀਆਂ ਦੇ ਮਸਲਿਆਂ ਨੂੰ ਲੈ ਕੇ ਜ਼ੋਰਦਾਰ ਸਰਗਰਮੀਆਂ ਕੀਤੀਆਂ। ਉਹ ਪੰਜਾਬ ਤੇ ਦੇਸ਼ ਦੇ ਜਮਹੂਰੀ ਮਸਲਿਆਂ ਉੱਪਰ ਸੰਘਰਸ਼ ਲਈ ਜਮਹੂਰੀ ਮੋਰਚਾ ਬਣਾਏ ਜਾਣ ਵਾਲੇ ਮੋਢੀਆਂ 'ਚ ਸ਼ੁਮਾਰ ਸਨ।

ਕਲਮ ਦੇ ਮੋਰਚੇ 'ਤੇ ਉਨ੍ਹਾਂ ਨੇ ਸਾਹਿਤ ਸਿਰਜਣਾ ਨੂੰ ਇਨਕਲਾਬੀ ਜਮਾਤੀ ਚੇਤਨਾ ਦੇਣ ਦਾ ਹਥਿਆਰ ਬਣਾਉਂਦਿਆਂ ਪੰਜ ਨਾਵਲ ਤੇ ਇਕ ਨਾਟਕ-ਸੰਗ੍ਰਹਿ ਪੰਜਾਬੀ ਬੋਲੀ ਦੀ ਝੋਲੀ ਪਾਏ ਅਤੇ ਬਹੁਤ ਸਾਰੀਆਂ ਕਵਿਤਾਵਾਂ ਤੇ ਗੀਤ ਵੀ ਲਿਖੇ। ਉਨ੍ਹਾਂ ਦੇ ਨਾਵਲਾਂ ਦੇ ਸਜਿੰਦ ਪਾਤਰ ਸਿੱਧੇ-ਸਾਦੇ ਕਿਰਤੀ ਲੋਕ ਅਤੇ ਲੋਕ-ਮੁਕਤੀ ਲਈ ਜੂਝਦੇ ਇਨਕਲਾਬੀ ਹਨ। ਕਿਰਤੀ ਕਿੱਸਾ ਤੇ ਕਿਰਤੀ ਯੁਗ ਦੇ ਸੰਪਾਦਕ ਅਤੇ ਮਸ਼ਾਲ, ਪ੍ਰਚੰਡ, ਪ੍ਰਚੰਡ ਲਹਿਰ, ਸਮਕਾਲੀ ਦਿਸ਼ਾ, ਸੁਲਗਦੇ ਪਿੰਡ, ਲੋਕ ਕਾਫ਼ਲਾ ਆਦਿ ਰਸਾਲਿਆਂ ਦੇ ਸੰਪਾਦਕੀ ਟੀਮ ਮੈਂਬਰ ਵਜੋਂ ਕੰਮ ਕਰਦਿਆਂ ਸਾਹਿਤ-ਆਲੋਚਨਾ ਅਤੇ ਸਿਧਾਂਤਕ ਤੇ ਰਾਜਨੀਤਕ ਲੇਖਾਂ ਰਾਹੀਂ ਉਨ੍ਹਾਂ ਨੇ ਸਿਧਾਂਤਕ ਬਹਿਸ-ਮੁਬਾਸੇ ਤੇ ਇਨਕਲਾਬੀ ਪ੍ਰਕਾਸ਼ਨਾ 'ਚ ਵਡਮੁੱਲਾ ਯੋਗਦਾਨ ਦਿੱਤਾ। ਮਾਰਕਸਵਾਦੀ ਫ਼ਲਸਫ਼ੇ ਨੂੰ ਰੱਦ ਕਰਨ ਵਾਲੇ ਭਟਕਾਵਾਂ ਵਿਰੁੱਧ ਡਟਵਾਂ ਸਟੈਂਡ ਉਨ੍ਹਾਂ ਦੀ ਪ੍ਰਪੱਕ ਸਿਧਾਂਤਕ ਸੂਝ ਦਾ ਪ੍ਰਮਾਣ ਹੈ।

ਉਹ ਕਮਿਊਨਿਸਟ ਵਿਚਾਰਧਾਰਾ ਅਨੁਸਾਰ ਇਨਕਲਾਬੀ ਕਾਰਕੁਨਾਂ ਦੀ ਜਮਾਤੀ ਕਾਇਆ ਪਲਟੀ ਉੱਪਰ ਵਿਸ਼ੇਸ਼ ਜ਼ੋਰ ਦਿੰਦੇ ਸਨ ਅਤੇ ਇਸੇ ਕਾਇਆਪਲਟੀ 'ਚ ਢਲੀ ਉਨ੍ਹਾਂ ਦੀ ਆਪਣੀ ਸਾਦਗੀ ਭਰੀ ਤਰਜ਼ੇ-ਜ਼ਿੰਦਗੀ ਕਹਿਣੀ ਤੇ ਕਰਨੀ ਦੇ ਸੁਮੇਲ ਦਾ ਮੁਜੱਸਮਾ ਸੀ। ਇਸ ਦਾ ਗੂੜ੍ਹਾ ਪ੍ਰਭਾਵ ਖ਼ਾਸ ਕਰਕੇ ਉਨ੍ਹਾਂ ਦੀਆਂ ਧੀਆਂ ਦੀ ਸੋਚ 'ਚ ਉੱਘੜਵੇਂ ਰੂਪ 'ਚ ਝਲਕਦਾ ਹੈ, ਜਿਨ੍ਹਾਂ ਨੇ ਹਰ ਤਰ੍ਹਾਂ ਦੀਆਂ ਫਜ਼ੂਲ ਰਸਮਾਂ ਨੂੰ ਤਿਆਗ ਕੇ ਤੇ ਅਗਾਂਹਵਧੂ ਤਰੀਕੇ ਨਾਲ ਆਪਣੇ ਬਾਬਲ ਨੂੰ ਅੰਤਮ ਵਿਦਾਇਗੀ ਦੇ ਕੇ ਨਿਵੇਕਲੀ ਮਿਸਾਲ ਕਾਇਮ ਕੀਤੀ। ਕਹਿਣੀ ਤੇ ਕਰਨੀ ਦੇ ਅਜਿਹੇ ਸੁਮੇਲ ਦੀਆਂ ਵਿਰਲੀਆਂ ਮਿਸਾਲਾਂ ਹੀ ਮਿਲਦੀਆਂ ਹਨ।

ਕੰਮੀਆਂ ਦੇ ਵਿਹੜਿਆਂ ਦਾ 'ਸਤਵਰਗ' ਬੇਸ਼ੱਕ ਜਿਸਮਾਨੀ ਤੌਰ 'ਤੇ ਸਦੀਵੀ ਵਿਛੋੜਾ ਦੇ ਗਿਆ, ਪਰ ਉਸ ਦੀ ਸੋਚ ਅਤੇ ਕਰਮਯੋਗੀ ਸ਼ਖ਼ਸੀਅਤ ਦੀ ਮਹਿਕ ਕਦੇ ਨਹੀਂ ਮਰੇਗੀ। ਉਨ੍ਹਾਂ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕਰਨ ਲਈ 1 ਸਤੰਬਰ ਨੂੰ ਪਿੰਡ ਮਹਿਰਾਜ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ, ਜਿਸ ਵਿਚ ਵੱਖ-ਵੱਖ ਇਨਕਲਾਬੀ ਜਮਹੂਰੀ ਜਥੇਬੰਦੀਆਂ, ਉਨ੍ਹਾਂ ਦੇ ਨੇੜਲੇ ਸੰਗੀ-ਸਾਥੀ ਅਤੇ ਹੋਰ ਲੋਕ ਸ਼ਾਮਲ ਹੋ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ।

# ਸਰਕਾਰ ਮੁਲਾਜ਼ਮਾਂ ਦੇ ਕੱਟੇ 37 ਭੱਤੇ ਤੁਰੰਤ ਕਰੇ ਬਹਾਲ : ਅਜਨੋਹਾ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਬਲਾਕ ਕੋਟ ਫਤੂਹੀ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਇੱਕ ਹੰਗਾਮੀ ਮੀਟਿੰਗ ਪੈਨਸ਼ਨਰ ਆਗੂ ਪ੍ਰਿੰਸੀਪਲ ਪਿਆਰਾ ਸਿੰਘ, ਸ਼ਾਮ ਸੁੰਦਰ ਕਪੂਰ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਸਬੰਧੀ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਛੇਵੇਂ ਪੇਅ ਕਮਿਸ਼ਨ ਦੀਆਂ ਸਿਫਾਰਸ਼ਾਂ ਤਾਂ ਕੀ ਲਾਗੂ ਕਰਨੀਆਂ ਸਨ ਸਗੋਂ ਉਲਟਾ ਮੁਲਾਜਮਾਂ ਨੂੰ ਮਿਲਣ ਵਾਲੇ 37 ਭੱਤੇ ਕੱਟ ਕੇ ਮੁਲਾਜਮਾਂ ਨਾਲ ਵਿਸ਼ਵਾਸਘਾਤ ਕੀਤਾ। ਜਿਸਦੀ ਸਜਾ ਮੁਲਾਜਮਾਂ ਤੇ ਪੈਨਸ਼ਨਰਾਂ ਨੇ ਮਨਪ੍ਰੀਤ ਬਾਦਲ ਨੂੰ ਵਿਧਾਨ ਸਭਾ ਦੀ ਸੀਟ ਹਰਾ ਕੇ ਦਿੱਤੀ। ਪ੍ਰੰਤੂ ਪੰਜਾਬ ਦੀ ਸੱਤਾ 'ਤੇ ਕਾਬਜ ਹੁੰਦਿਆਂ 'ਆਪ' ਸਰਕਾਰ ਵਲੋਂ ਵੀ ਅਜੇ ਤੱਕ ਇਹਨਾਂ ਭੱਤਿਆਂ ਨੂੰ ਬਹਾਲ ਕਰਨ ਲਈ ਕੋਈ ਸਾਰਥਕ ਹੁੰਗਾਰਾ ਨਹੀਂ ਦਿੱਤਾ, ਸਗੋਂ ਵਾਰ-ਵਾਰ ਪੱਤਰ ਜਾਰੀ ਮਹਿਕਮਿਆਂ ਕੋਲੋਂ ਇਹਨਾਂ ਭੱਤਿਆਂ ਨੂੰ ਲਾਗੂ ਕਰਨ ਤੇ ਪੈਣ ਵਾਲੇ ਵਿੱਤੀ ਭਾਰ ਸਬੰਧੀ ਗਿਣਤੀਆਂ ਕੀਤੀਆਂ ਜਾ ਰਹੀਆਂ ਹਨ। ਪੇਂਡੂ ਏਰੀਆ ਭੱਤਾ ਅਤੇ ਬਾਰਡਰ ਏਰੀਆ ਭੱਤਾ ਬੰਦ ਕਰਨ ਨਾਲ ਇਹਨਾਂ ਏਰੀਆਂ ਵਿੱਚ ਡਿਊਟੀ ਕਰਨ ਵਾਲੇ ਮੁਲਾਜਮਾਂ ਨੂੰ ਕਾਫੀ ਵਿੱਤੀ ਨੁਕਸਾਨ ਹੋ ਰਿਹਾ ਹੈ। ਆਗੂਆਂ ਵਲੋਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਮੁਲਾਜਮਾਂ ਦੇ ਕੱਟੇ ਭੱਤੇ ਜਲਦ ਤੋਂ ਜਲਦ ਬਹਾਲ ਕਰੇ। ਇਕੱਠ ਵਲੋਂ ਪੰਜਾਬ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਉਂਕਾਰ ਸਿੰਘ, ਹਰਮਨੋਜ ਕੁਮਾਰ, ਮਹਿੰਦਰ ਪਾਲ, ਸਗਲੀ ਰਾਮ, ਸ਼ਿੰਗਾਰਾ ਸਿੰਘ, ਬਲਜੀਤ ਸਿੰਘ, ਕਿਰਪਾਲ ਸਿੰਘ, ਅਬਾਦ ਅਲੀ, ਬਲਜਿੰਦਰ ਸਿੰਘ, ਅਸ਼ਵਨੀ ਕੁਮਾਰ,ਸੁਰਿੰਦਰ ਸਿੰਘ, ਹਰਿੰਦਰ ਸਿੰਘ, ਟੇਕ ਚੰਦ, ਬਲਵੀਰ ਚੰਦ, ਕੁਲਵੰਤ ਸਿੰਘ, ਸਰਬਜੀਤ ਸਿੰਘ ਅਤੇ ਰਾਮ ਸਰੂਪ ਮੌਜੂਦ ਸਨ।

# ਖਿਡਾਰੀਆਂ ਤੇ ਨੌਜਵਾਨਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਕੀਤਾ ਜਾਗਰੂਕ



**ਜਲੰਧਰ, (ਸ਼ੈਲੀ ਐਲਬਰਟ)**-ਮੁੱਖ ਚੋਣ ਅਫ਼ਸਰ ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਖੇਡ ਦਿਵਸ ਮੌਕੇ ਸਥਾਨਕ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ ਕਪੂਰਥਲਾ ਰੋਡ ਵਿਖੇ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਵੀਪ ਗਤੀਵਿਧੀਆਂ ਤਹਿਤ ਵੋਟਰ ਰਜਿਸਟ੍ਰੇਸ਼ਨ ਕੈਂਪ ਵੀ ਲਗਾਇਆ ਗਿਆ । ਕੈਂਪ ਵਿੱਚ ਖਿਡਾਰੀਆਂ ਅਤੇ ਨੌਜਵਾਨਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਵੋਟਰ ਰਜਿਸਟਰੇਸ਼ਨ ਪ੍ਰਕਿਰਿਆ ਅਤੇ ਚੋਣ ਕਮਿਸ਼ਨ ਵੱਲੋਂ ਜਾਰੀ ਆਈ.ਟੀ. ਐਪਲੀਕੇਸ਼ਨ (ਵੋਟਰ ਹੈਲਪਲਾਈਨ ਐਪ), ਵੈਬਸਾਈਟ WWW.VOTERS.ECI.GOV.IN ਤੇ ਵੋਟਰ ਹੈਲਪਲਾਈਨ 1950 (ਟੋਲ ਫ੍ਰੀ) ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। । ਇਸ ਤੋਂ ਇਲਾਵਾ ਇਸ ਮੌਕੇ ਖਿਡਾਰੀਆਂ ਦੀ 100 ਮੀ. ਦੌੜ ਵੀ ਕਰਵਾਈ ਗਈ, ਜਿਸ ਵਿੱਚ ਪਹਿਲੇ ਅਤੇ ਦੂਜੇ ਸਥਾਨ 'ਤੇ ਆਉਣ ਵਾਲੇ ਖਿਡਾਰੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਦੌਰਾਨ ਬਰਲਟਨ ਪਾਰਕ ਵਿਖੇ ਵੀ ਵੋਟਰ ਰਜਿਸਟ੍ਰੇਸ਼ਨ ਕੈਂਪ ਲਗਾਇਆ ਗਿਆ। ਇੰਟਰਨੈਸ਼ਨਲ ਐਥਲੀਟ ਮਨਦੀਪ ਕੌਰ ਵੱਲੋਂ ਗੈਸਟ ਆਫ ਆਨਰ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਚੋਣ ਤਹਿਸੀਲਦਾਰ ਜਲੰਧਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ, ਪ੍ਰਿੰਸੀਪਲ ਸਪੋਰਟਸ ਕਾਲਜ ਡਾ. ਰਣਬੀਰ ਸਿੰਘ, ਜ਼ਿਲ੍ਹਾ ਐਥਲੀਟ ਐਸੋਸੀਏਸ਼ਨ ਦੇ ਖਜ਼ਾਨਚੀ ਜਤਿੰਦਰ ਸੈਣੀ ਅਤੇ ਮਨਦੀਪ ਸਿੰਘ ਵਾਈਸ ਪ੍ਰੈਜ਼ੀਡੈਂਟ, ਸਵੀਮਿੰਗ ਕੋਚ ਉਮੇਸ਼ ਸ਼ਰਮਾ, ਐਥਲੀਟ ਕੋਚ ਪਰਮਜੀਤ ਮਾਨ ਅਤੇ ਅਮਰੀਕ ਸਿੰਘ ਵੀ ਮੌਜੂਦ ਸਨ ।

# ਗ੍ਰੀਨਵੇਜ਼ ਸਕੂਲ 'ਚ ਰਾਸ਼ਟਰੀ ਖੇਡ ਦਿਵਸ ਨੂੰ ਸਮਰਪਿਤ ਸਾਲਾਨਾ ਖੇਡਾਂ ਕਰਵਾਈਆਂ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਗ੍ਰੀਨਵੇਜ਼ ਸਕੂਲ ਰੁੜਕੀ ਹੀਰਾਂ ਵਿਖੇ ਰਾਸ਼ਟਰੀ ਖੇਡ ਦਿਵਸ ਨੂੰ ਸਮਰਪਿਤ ਸਾਲਾਨਾ ਖੇਡਾਂ ਕਰਵਾਈਆਂ ਗਈਆਂ, ਜਿਸ ਦੀ ਸ਼ੁਰੂਆਤ ਪ੍ਰਿੰਸੀਪਲ ਮੁਕੇਸ਼ ਅਗਰਵਾਲ ਨੇ ਕਰਵਾਈ। ਇਸ ਮੌਕੇ ਵੱਖ ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਚਿੰਨਾਂ ਨਾਲ ਸਨਮਾਨਿਤ ਕੀਤਾ ਗਿਆ। ਮੈਡਮ ਸੰਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਨਰਸਰੀ ਕਲਾਸ ਵਿੱਚ ਲੈਮਨ ਰੇਸ ਦੌਰਾਨ ਮੁੰਡਿਆਂ ਵਿਚ ਹਰਮਸਤਕ, ਦਸ਼ਮਨ, ਏਕਮਵੀਰ ਤੇ ਕੁੜੀਆਂ ਵਿੱਚ ਹਰਸ਼ਾਨ, ਤਨਵੀਰ ਨਿਮਰਤ ਕ੍ਰਮਵਾਰ ਪਹਿਲੇ ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਐੱਲ. ਕੇ. ਜੀ. ਲੈਮਨ ਰੇਸ ਕੁੜੀਆਂ ਵਿਚ ਰੋਸ਼ਪ੍ਰੀਤ, ਪ੍ਰਭਨੂਰ, ਜਸਨੀਤ, ਮੁੰਡਿਆਂ ਵਿਚ ਗੁਰਵੀਰ, ਏਕਮਜੋਤ, ਮਨਕੀਰਤ, ਯੂ. ਕੇ. ਜੀ. ਲੈਮਨ ਰੇਸ ਕੁੜੀਆਂ ਵਿਚ ਇਸ਼ਵਰ, ਜੈਸਮੀਨ ਸੋਹੀ, ਜਸਰਾਜ ਸੋਹੀ ਤੇ ਮੁੰਡਿਆਂ ਵਿਚ ਹਰਤੇਜ, ਮਨਸਿਮਰ ਪ੍ਰਭਮੀਤ, ਪਹਿਲੀ ਜਮਾਤ ਦੀਆਂ ਕੁੜੀਆਂ ਦੀ ਦੌੜ ਵਿਚ ਹਰਤੇਜਲ, ਰਿਤਵ, ਏਕਮਜੋਤ ਤੇ ਮੁੰਡਿਆਂ ਵਿਚ ਹਰਸ਼ਾਨ, ਹਰਮਨ, ਜੁਝਾਰ,ਦੂਜੀ ਜਮਾਤ ਦੀਆਂ ਕੁੜੀਆਂ ਦੀ ਦੌੜ ਵਿਚ ਨਵਰਾਜਦੀਪ, ਹਰਲੀਨ, ਮੁੰਡਿਆਂ ਵਿਚ ਮਨਰਾਜ, ਹਰਮਨ, ਜੱਸਾ, ਤੀਜੀ ਜਮਾਤ ਦੀਆਂ ਲੜਕੀਆਂ ਦੀ ਦੌੜ ਵਿਚ ਮਨਰੀਤ, ਬਨਰੀਤ, ਸਹਿਜ, ਤੇ ਮੁੰਡਿਆਂ 'ਚ ਭੁਰਕਮਲ, ਸੁਖਜੀਤ, ਅਰਮਾਨ ਚੌਥੀ ਜਮਾਤ ਦੀਆਂ ਲੜਕੀਆਂ ਦੀ 50 ਮੀਟਰ ਦੀ ਅੜਿੱਕਾ ਦੌੜ ਵਿਚ ਗੁਰਨੀਤ, ਮਨਰੂਪ, ਜਸਲੀਨ, ਮੁੰਡਿਆਂ ਵਿਚ ਅਰਨਵ, ਰਾਜਵੀਰ, ਨਵਰਾਜ ਨੇ ਕਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਲ ਕੀਤੇ। ਗਿਆਰਵੀਂ ਤੇ ਬਾਰਵੀਂ ਜਮਾਤ ਵਿਚ 200 ਮੀਟਰ ਰੀਲੇਅ ਦੌੜ ਵਿਚ ਗਿਆਰਵੀਂ ਜਮਾਤ ਦੇ ਵਿਦਿਆਰਥੀ ਹੁਸਨਪ੍ਰੀਤ, ਯਸ਼ਪ੍ਰੀਤ, ਅਰਸ਼ਜੋਤ ਤੇ ਪ੍ਰਭਜੀਤ ਪਹਿਲੇ ਸਥਾਨ 'ਤੇ ਬਾਰਵੀਂ ਜਮਾਤ ਦੇ ਕਮਲਜੀਤ, ਵਿਕਰਮਜੀਤ, ਗੁਰਮੇਹਰ ਤੇ ਹਰਸ਼ਦੀਪ ਦੂਜੇ ਸਥਾਨ 'ਤੇ ਰਹੇ। ਖੇਡ ਦਿਵਸ 'ਤੇ ਸਾਲਾਨਾ ਖੇਡਾਂ ਕਰਵਾਉਣ ਤੇ ਸੰਸਥਾ ਦੇ ਚੇਅਰਮੈਨ ਗੁਰਮੁੱਖ ਸਿੰਘ ਮੱਲ੍ਹੀ, ਐੱਮ. ਡੀ. ਹਰਜਿੰਦਰ ਸਿੰਘ ਮੱਲ੍ਹੀ ਨੇ ਵਧਾਈ ਦਿੰਦਿਆਂ ਖੇਡਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਮੌਕੇ ਬਲਤੇਜ ਸਿੰਘ, ਰੀਨੂੰ ਸ਼ਰਮਾ, ਕੋਮਲ, ਕਰਨ ਕੁਮਾਰ, ਦੀਪਕ, ਗੀਤਾ ਪਰਹਾਰ, ਸੁਮਨਦੀਪ, ਸਿਮਰਨ, ਨੈਨਸੀ, ਮੋਨਿਕਾ, ਗੁਰਵਿੰਦਰ, ਅਵਤਾਰ, ਸੁਨੀਤਾ, ਅਮ੍ਰਿਤਰਾਜ, ਸ਼ਾਖਸ਼ੀ, ਜਸਵਿੰਦਰ, ਰਜਨੀ, ਨੀਲਮ, ਸਨਦੀਪ, ਮਨਦੀਪ, ਨਵਜੋਤ, ਸ਼ੁਸ਼ੀਲਾ ਸਮੇਤ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਮੌਜੂਦ ਸਨ।

## ਸੁਖਦੀਪ ਸਿੰਘ ਸ਼ੁਕਾਰ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਬਹਿਰਾਮ (ਅਵਤਾਰ ਕਲੇਰ)** ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਦੀਪ ਸਿੰਘ ਸ਼ੁਕਾਰ ਨੂੰ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਵਿਧਾਨ ਸਭਾ ਹਲਕਾ ਬੰਗਾ ਵਿਖੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁਖੀ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸੋਹਣ ਲਾਲ ਢੰਡਾ, ਸਤਨਾਮ ਸਿੰਘ ਲਾਦੀਆਂ ,ਨਵਦੀਪ ਸਿੰਘ ਅਨੋਖਰਵਾਲ , ਕੁਲਵਿੰਦਰ ਸਿੰਘ ਲਾਡੀ,ਬਲਵੰਤ ਸਿੰਘ ਲਾਦੀਆਂ, ਮਨਜੀਤ ਸਿੰਘ ਬੱਬਲ , ਅਮਰੀਕ ਸਿੰਘ ਸੋਨੀ, ਤਰਸੇਮ ਲਾਲ ਸਰਪੰਚ ,ਮਨਮੀਤ ਸਿੰਘ ਮਨੀ ,ਰਮਨ ਕੁਮਾਰ ਬੰਗਾ ,ਚਰਨਜੀਤ ਗੋਸਲ ,ਮਨਜੀਤ ਰਿੰਕੂ,ਹਾਤਮ ਬੰਗਾ, ਗੁਰਵਿੰਦਰ ਗਿੱਲ, ਮਦਨ ਲਾਲ ਖਟਕੜ, ਹਰਪ੍ਰੀਤ ਸਿੰਘ ਬੰਗਾ ਆਦਿ ਹਾਜ਼ਰ ਸਨ।

## ਸਾਲਾਨਾ ਸਮਾਗਮ



**ਹੁਸ਼ਿਆਰਪੁਰ (ਓ ਪੀ ਰਾਣਾ)**-ਡੇਰਾ ਮਹਾਨਪੁਰੀ ਸਾਹਰੀ ਵਿਖੇ ਸਾਲਾਨਾ ਜੋੜਮੇਲਾ ਸਮਾਗਮ ਭਲਕੇ 1 ਸਤੰਬਰ ਨੂੰ ਮਨਾਏ ਜਾ ਰਹੇ ਹਨ। ਗੱਦੀਨਸ਼ੀਨ ਸੰਤ ਬਲਵੀਰ ਦਾਸ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇ (ਰਜਿ) ਪੰਜਾਬ ਨੇ ਦੱਸਿਆ ਕਿ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ , ਢਾਡੀ , ਕਵੀਸ਼ਰ, ਕਥਾ ਵਾਚਕ ਸੱਚਖੰਡ ਵਾਸੀ ਬ੍ਰਹਮਲੀਨ ਸੰਤ ਮਾਹਨ ਦਾਸ ਜੀ, ਸੰਤ ਗੁਰਦਾਸ ਰਾਮ ਜੀ , ਸੰਤ ਬਾਬਾ ਸੰਤੋਖ ਦਾਸ ਜੀ ਅਤੇ ਸੰਤ ਬਾਬਾ ਸੇਵਾ ਦਾਸ ਜੀ ਦੇ ਜੀਵਨ ਸਬੰਧੀ ਸੰਗਤਾਂ ਨੂੰ ਚਾਨਣਾ ਪਾਉਣਗੇ।

## ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ 'ਚ ਰੱਖੜੀ ਪ੍ਰਤੀਯੋਗਤਾ



**ਕਪੂਰਥਲਾ (ਹਨੀ)**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਰੱਖੜੀ ਬਣਾਉਣ ਦੀ ਪ੍ਰਤਿਯੋਗਤਾ ਕਰਵਾਈ ਗਈ । ਸਕੂਲ ਦੇ ਜੂਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਆਪਣੇ ਹੱਥੀਂ ਰੱਖੜੀਆਂ ਤਿਆਰ ਕੀਤੀਆਂ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਰੱਖੜੀ ਦੇ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਕਿਹਾ ਕਿ ਰੱਖੜੀ ਭੈਣ ਅਤੇ ਭਰਾ ਦੇ ਆਪਸੀ ਪਿਆਰ ਨੂੰ ਪ੍ਰਗਟ ਕਰਨ ਦਾ ਬੜਾ ਹੀ ਪਿਆਰਾ ਤੇ ਪਵਿੱਤਰ ਤਿਉਹਾਰ ਹੈ । ਉਨ੍ਹਾਂ ਪ੍ਰਤੀਯੋਗਤਾ ਦੌਰਾਨ ਵੱਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਪ੍ਰਸ਼ੰਸਾ ਕੀਤੀ ।

## ਸੰਤ ਬਾਬਾ ਜੋਗਿੰਦਰ ਸਿੰਘ ਦੀ ਬਰਸੀ ਮਨਾਈ



**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿੱਚ ਸੱਚ ਖੰਡ ਵਾਸੀ ਸੰਤ ਬਾਬਾ ਜੋਗਿੰਦਰ ਸਿੰਘ ਦੀ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਧਾਰਮਿਕ ਸਮਾਗਮ ਵਿੱਚ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਪ੍ਰਿੰਸੀਪਲ ਕੰਵਲਜੀਤ ਕੌਰ ਨੇ ਸੰਤ ਬਾਬਾ ਜੋਗਿੰਦਰ ਸਿੰਘ ਦੇ ਦੱਸੇ ਹੋਏ ਸੱਚ ਦੇ ਮਾਰਗ 'ਤੇ ਚੱਲਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਬੀਬੀ ਭਜਨ ਕੌਰ, ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਪ੍ਰਿੰਸੀਪਲ ਕੰਵਲਜੀਤ ਕੌਰ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ, ਬਲਵੀਰ ਸਿੰਘ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

## ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਨੂੰ 10 ਕਰੋੜ ਰੁਪਏ ਦੀ ਗ੍ਰਾਂਟ

**ਜਲੰਧਰ** : ਡਾ.ਬੀ.ਆਰ. ਅੰਬੇਦਕਰ ਨੈਸਨਲ ਇੰਸਟੀਚਿਊਟ ਆਫ ਟੈਕਨਾਲੋਜੀ (ਐਨ.ਆਈ.ਟੀ.) ਜਲੰਧਰ ਦੇ ਟੈਕਸਟਾਈਲ ਟੈਕਨਾਲੋਜੀ ਵਿਭਾਗ, ਨੂੰ ਭਾਰਤ ਸਰਕਾਰ ਦੇ ਕੱਪੜਾ ਮੰਤਰਾਲਾ ਵੱਲੋਂ ਕੌਮੀ ਤਕਨੀਕੀ ਟੈਕਸਟਾਈਲ ਮਿਸ਼ਨ ਦੀ ਸਕੀਮ ਤਹਿਤ 10 ਕਰੋੜ ਰੁਪਏ ਦੀ ਵੱਡੀ ਗ੍ਰਾਂਟ ਪ੍ਰਦਾਨ ਕੀਤੀ ਗਈ ਹੈ। ਇਹ ਗ੍ਰਾਂਟ ਤਕਨੀਕੀ ਟੈਕਸਟਾਈਲ ਦੇ ਖੇਤਰ ਵਿੱਚ ਵਿਭਾਗੀ ਖੋਜ ਅਤੇ ਵਿਕਾਸ ਦੇ ਯਤਨਾਂ ਲਈ ਇੱਕ ਮਹੱਤਵਪੂਰਨ ਉਪਰਾਲਾ ਹੈ। ਇਸ ਪ੍ਰੋਜੈਕਟ ਦੇ ਕੋਆਰਡੀਨੇਟਰ, ਡਾ: ਵਿਨੈ ਮਿੱਢਾ ਅਤੇ ਡਾ: ਏ. ਮੁਖੋਪਾਧਿਆਏ ਨੇ ਦੱਸਿਆ ਕਿ ਕੌਮੀ ਤਕਨੀਕੀ ਟੈਕਸਟਾਈਲ ਮਿਸ਼ਨ, ਟੈਕਸਟਾਈਲ ਟੈਕਨਾਲੋਜੀ ਵਿਭਾਗ ਦੀ ਤਕਨੀਕੀ



ਟੈਕਸਟਾਈਲ ਨੂੰ ਉਤਸ਼ਾਹਿਤ ਕਰਨ ਅਤੇ ਤਕਨੀਕੀ ਟੈਕਸਟਾਈਲ ਦੇ ਖੇਤਰ ਵਿੱਚ ਨਵਾਚਾਰ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਪਹਿਲ ਹੈ। ਗ੍ਰਾਂਟ ਦਾ ਮੰਤਵ ਤਕਨੀਕੀ ਟੈਕਸਟਾਈਲ ਦੇ ਖੇਤਰ ਵਿੱਚ ਅਤਿ-ਆਧੁਨਿਕ ਖੋਜ, ਤਕਨੀਕੀ ਉੱਨਤੀ ਅਤੇ ਪ੍ਰਤਿਭਾ ਦਾ ਪਾਲਣ ਪੋਸਣ ਯਕੀਨੀ ਕਰਨਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਫੰਡਾਂ ਦੀ ਵਰਤੋਂ ਅਤਿ-ਆਧੁਨਿਕ ਖੋਜ ਸਹੂਲਤਾਂ ਸਥਾਪਤ ਕਰਨ, ਪ੍ਰਯੋਗਸ਼ਾਲਾ ਦੇ ਬੁਨਿਆਦੀ ਢਾਂਚੇ ਨੂੰ ਵਧਾਉਣ ਅਤੇ ਉਦਯੋਗਾਂ ਦੀਆਂ ਮਹੱਤਵਪੂਰਨ ਤਕਨੀਕੀ ਟੈਕਸਟਾਈਲ ਚੁਣੌਤੀਆਂ ਨੂੰ ਹੱਲ ਕਰਨ ਵਾਲੇ ਸਹਿਯੋਗੀ ਪ੍ਰੋਜੈਕਟਾਂ ਦੀ ਸਹਾਇਤਾ ਲਈ ਕੀਤੀ ਜਾਵੇਗੀ।

# ਪੁਲਸ ਸ਼ਿਕਾਇਤ ਨਿਵਾਰਨ ਪੋਰਟਲ 'ਤੇ ਇਕ ਸਾਲ ਦੌਰਾਨ 2.20 ਲੱਖ ਸ਼ਿਕਾਇਤਾਂ ਮਿਲੀਆਂ



**ਜਲੰਧਰ, (ਸ਼ੈਲੀ ਐਲਬਰਟ)**-ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ (ਪਬਲਿਕ ਗ੍ਰੀਵੈਂਸਿਸ ਡਵੀਜ਼ਨ) ਐਮ.ਐਫ. ਫਾਰੂਕੀ ਨੇ ਕਿਹਾ ਕਿ ਪੰਜਾਬ ਪੁਲਸ ਦੇ ਸ਼ਿਕਾਇਤ ਨਿਵਾਰਨ ਪੋਰਟਲ ) ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਜਿਸ 'ਤੇ 11 ਜੁਲਾਈ 2022 ਤੋਂ 12 ਜੁਲਾਈ 2023 ਤੱਕ 220223 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਵਿਚੋਂ 151604 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਮ.ਐਫ. ਫਾਰੂਕੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਲੋਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨ ਲਈ ਇਸ ਪੋਰਟਲ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਅਧਾਰਿਤ ਸਾਫ਼ਟਵੇਅਰ ਹੈ ਜਿਸ ਵਲੋਂ ਬਿਨੈਪੱਤਰ ਨੂੰ ਟਰੈਕ ਕਰਨ, ਗੁਣਵੱਤਾ ਅਧਾਰਿਤ ਰਿਪੋਰਟ ਅਨੁਸਾਰ ਨਿਸ਼ਚਿਤ ਸਮੇਂ ਵਿੱਚ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਏ.ਡੀ.ਜੀ.ਪੀ. ਨੇ ਅੱਗੇ ਦੱਸਿਆ ਕਿ 220223 ਸ਼ਿਕਾਇਤਾਂ ਵਿਚੋਂ 78338 ਸ਼ਿਕਾਇਤਾਂ ਨੂੰ ਲੋਕਾਂ ਵਲੋਂ ਪੋਰਟਲ 'ਤੇ ਅਪਲੋਡ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਲੋਕ ਇਸ ਪੋਰਟਲ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਵਲੋਂ ਸਬੰਧਿਤ ਅਮਲੇ ਨੂੰ ਪੋਰਟਲ ਨੂੰ ਦੇ ਕੰਮ-ਕਾਜ ਸਬੰਧੀ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਗਈ ਹੈ ਜਿਸ ਨਾਲ ਸ਼ਿਕਾਇਤਾਂ ਦਾ ਤੇਜ਼ੀ ਨਾਲ ਨਿਪਟਾਰਾ ਸੰਭਵ ਹੋ ਸਕਿਆ ਹੈ। ਲੋਕਾਂ ਨੂੰ ਜਵਾਬਦੇਹ, ਪਾਰਦਰਸ਼ੀ ਅਤੇ ਜਿੰਮੇਵਾਰ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਪੰਜਾਬ ਪੁਲਸ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਐਮ.ਐਫ.ਫਾਰੂਕੀ ਨੇ ਕਿਹਾ ਕਿ ਹਰ ਸ਼ਿਕਾਇਤ ਦੀ ਬਾਰੀਕੀ ਨਾਲ ਜਾਂਚ ਕਰਨ ਲਈ 8 ਡੈਸਕ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਦਸਿਆ ਕਿ ਆਪਣੇ ਕੰਮ ਪ੍ਰਤੀ ਅਣਗਹਿਲੀ ਦਿਖਾਉਣ ਵਾਲੇ ਅਧਿਕਾਰੀਆਂ ਨੂੰ 19 ਨੋਟਿਸ ਜਾਰੀ ਕਰਨ ਤੋਂ ਇਲਾਵਾ 45 ਵਿਭਾਗੀ ਇਨਕੁਆਰੀਆਂ ਕੀਤੀਆਂ ਜਾ ਰਹੀਆਂ ਹਨ।

## ਐਸਮਾ ਦੇ ਐਲਾਨ ਨਾਲ ਸਰਕਾਰ ਦੀ ਤਾਨਸ਼ਾਹ ਸੋਚ ਸਾਹਮਣੇ ਆਈ : ਪਾਸਲਾ



**ਜਲੰਧਰ** : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਨੇ, ਹੱਕੀ ਲੋਕ ਸੰਘਰਸ਼ਾਂ ਨੂੰ ਜਾਬਰ ਹਥਕੰਡਿਆਂ ਨਾਲ ਦਬਾਉਣ ਦੀ ਮਨਸ਼ਾ ਤਹਿਤ ਜਰੂਰੀ ਸੇਵਾਵਾਂ ਬਹਾਲੀ ਕਾਨੂੰਨ (ਐਸਮਾ) ਲਾਗੂ ਕਰਨ ਦੇ ਪੰਜਾਬ ਸਰਕਾਰ ਦੇ ਲੋਕ ਦੋਖੀ, ਜਮਹੂਰੀਅਤ ਵਿਰੋਧੀ ਨਿਰਣੇ ਦੀ ਡੱਟਵੀਂ ਨਿਖੇਧੀ ਕਰਦਿਆਂ ਇਹ ਫੈਸਲਾ ਫੌਰੀ ਵਾਪਸ ਲੈਣ ਦੀ ਜੋਰਦਾਰ ਮੰਗ ਕੀਤੀ ਹੈ। ਜਾਰੀ ਇੱਕ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਕੈਸ਼ੀਅਰ ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ ਤੇ ਪ੍ਰੋ ਜੈਪਾਲ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਇਸ ਸਿਰੇ ਦੀ ਧੱਕੇਸ਼ਾਹੀ ਨਾਲ 'ਆਪ' ਦੀ ਜਨਮਜਾਤ ਤਾਨਸ਼ਾਹ ਮਾਨਸਿਕਤਾ ਲੋਕਾਂ ਸਾਹਵੇਂ ਹੋਰ ਵੀ ਭੱਦੇ ਰੂਪ 'ਚ ਬੇਪਰਦ ਹੋਈ ਹੈ। ਪਾਸਲਾ ਅਤੇ ਸਾਥੀਆਂ ਨੇ ਸਮੂਹ ਖੱਬੀਆਂ ਤੇ ਲੋਕਰਾਜੀ ਸਿਆਸੀ ਪਾਰਟੀਆਂ ਤੇ ਲੜਾਕੂ ਵਰਗਾਂ ਦੀਆਂ ਪ੍ਰਤੀਨਿਧ ਜੱਥੇਬੰਦੀਆਂ ਨੂੰ ਇਸ ਹਿਟਲਰੀ ਫੈਸਲੇ ਖਿਲਾਫ਼ ਫੌਰੀ ਪ੍ਰਤੀਰੋਧ ਐਕਸ਼ਨ ਲਾਮਬੰਦ ਕਰਨ ਦਾ ਸੱਦਾ ਦਿੰਦਿਆਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਧੱਕੜਸ਼ਾਹ ਕਦਮ ਵਿਰੁੱਧ ਹਰ ਮੰਚ ਤੋਂ ਰੋਹਲੀ ਆਵਾਜ ਬੁਲੰਦ ਕਰਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੇ ਇਸ ਫੈਸਲੇ ਦਾ ਦੂਰ ਪ੍ਰਭਾਵ ਕੇਵਲ ਕਮਰਚਾਰੀਆਂ ਤੱਕ ਹੀ ਸੀਮਤ ਨਹੀਂ ਰਹਿਣਾ ਬਲਕਿ ਇਸ ਦਾ ਸੇਕ ਹੱਕੀ ਮੰਗਾਂ ਲਈ ਲੜ ਰਹੇ ਸਾਰੇ ਮਿਹਨਤੀ ਵਰਗਾਂ ਨੂੰ ਝੱਲਣਾ ਪੈਣਾ ਹੈ।

# ਸੰਘਰਸ਼ੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦਾ ਤਿੱਖਾ ਵਿਰੋਧ



**ਮਹਿਤਪੁਰ (ਰਾਜਾ)** ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ (ਵਿਗਿਆਨਿਕ ) ਵੱਲੋਂ ਕਿਸਾਨ ਆਗੂ ਸੁਰਜੀਤ ਸਿੰਘ ਢੇਰ ਸਮੇਤ ਚਾਰ ਸੰਘਰਸ਼ੀ ਆਗੂਆਂ ਨੂੰ ਪੰਜਾਬ ਪੁਲਸ ਵੱਲੋਂ ਗ੍ਰਿਫ਼ਤਾਰ ਕਰਨ ਦਾ ਤਿੱਖਾ ਵਿਰੋਧ ਕੀਤਾ ਗਿਆ। ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ , ਜਨਰਲ ਸਕੱਤਰ ਐਨ ਡੀ ਤਿਵਾੜੀ , ਵਿੱਤ ਸਕੱਤਰ ਗੁਲਜਾਰ ਖਾਨ , ਸੀਨੀਅਰ ਮੀਤ ਪ੍ਰਧਾਨ ਨਵਪ੍ਰੀਤ ਬੱਲੀ ਤੇ ਮਨਜੀਤ ਸਿੰਘ ਲਹਿਰਾ ਨੇ ਕਿਹਾ ਕਿ ਜਿੱਥੇ ਬਰਸਾਤਾਂ ਕਾਰਨ ਮਾਈਨਿੰਗ ਪੂਰੇ ਪੰਜਾਬ ਵਿੱਚ ਬੰਦ ਪਈ ਹੈ ਉੱਥੇ ਸਰੇਆਮ ਆਨੰਦਪੁਰ ਸਾਹਿਬ ਵਿੱਚ ਪੂਰੇ ਜੋਰਾਂ ਨਾਲ ਚਲ ਰਹੀ ਹੈ ਅਤੇ ਕੱਲ੍ਹ ਰਾਤੀਂ ਇਨ੍ਹਾਂ ਮਾਈਨਿੰਗ ਟਿਪਰਾਂ ਵਲੋਂ ਦੋ ਵਿਅਕਤੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਗਿਆ ਜਿਸ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ ਇਕ ਵਿਅਕਤੀ ਗੰਭੀਰ ਹਾਲਤ ਵਿੱਚ ਜਖਮੀ ਹੋ ਗਿਆ।

ਜਿੰਨਾ ਨੂੰ ਇਨਸਾਫ ਦਿਵਾਉਣ ਲਈ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਆਗੂ ਸੁਰਜੀਤ ਸਿੰਘ ਢੇਰ ਸੰਘਰਸ਼ ਕਮੇਟੀ ਨਾਲ ਊਨਾ ਰੋਡ 'ਤੇ ਸੰਘਰਸ਼ ਕਰ ਰਹੇ ਸਨ ਤੇ ਪੁਲਸ ਨੇ ਗ੍ਰਿਫਤਾਰ ਕਰ ਲਿਆ ਗਿਆ।। ਜੰਥੇਬੰਦੀ ਇਸ ਧੱਕੇਸ਼ਾਹੀ ਦਾ ਵਿਰੋਧ ਕਰਦੀ ਹੈ ਅਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਬਰਸਾਤਾਂ ਦੇ ਸਮੇਂ ਮਾਇਨਿੰਗ ਕਰਨ ਵਾਲੇ ਟਿਪਰ ਮਾਲਕਾਂ 'ਤੇ ਕੇਸ ਦਰਜ ਕੀਤੇ ਜਾਣ। ਇਹਨਾਂ ਟਿਪਰਾਂ ਦੀ ਲਪੇਟ ਵਿਚ ਆਏ ਵਿਅਕਤੀ ਦੇ ਪਰਵਾਰ ਦੀ ਆਰਥਿਕ ਮਦਦ ਤੇ ਪਰਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਜਖਮੀ ਸਾਥੀ ਦਾ ਪੂਰਾ ਇਲਾਜ ਸਰਕਾਰ ਆਪਣੇ ਖਰਚੇ 'ਤੇ ਕਰਵਾਏ ਅਤੇ ਇਨਸਾਫ ਲਈ ਲੜ੍ਹ ਰਹੇ ਕਿਸਾਨ ਆਗੂ ਸੁਰਜੀਤ ਸਿੰਘ ਢੇਰ ਅਤੇ ਹੋਰ ਤਿੰਨ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਇਸ ਮੌਕੇ ਸੂਬਾ ਪ੍ਰੈਸ ਸਕੱਤਰ ਕੰਵਲਜੀਤ ਸੰਗੋਵਾਲ,ਸੁਖਵਿੰਦਰ ਸਿੰਘ ਦੋਦਾ ਸ੍ਰੀ ਮੁਕਤਸਰ ਸਾਹਿਬ,ਭੂਪਿੰਦਰ ਪਾਲ ਕੌਰ ਬਠਿੰਡਾ,ਬਿਕਰਮਜੀਤ ਸਿੰਘ,ਕਮਲਜੀਤ ਸਿੰਘ ਅੰਮ੍ਰਿਤਸਰ,ਕਰਮਦੀਨ ਮਲੇਰਕੋਟਲਾ,ਸੁਰਿੰਦਰ ਕੰਬੋਜ ਫਾਜਿਲਕਾ ,ਸੁੱਚਾ ਸਿੰਘ ਚਾਹਲ,ਸਿਕੰਦਰ ਸਿੰਘ ਢੇਰ ਰੋਪੜ,ਗੁਰਜੀਤ ਸਿੰਘ,ਗੁਰਮੀਤ ਸਿੰਘ ਖਾਲਸਾ ਮੋਹਾਲੀ,ਜਗਤਾਰ ਸਿੰਘ,ਹਰਮਿੰਦਰਪਾਲ ਸਿੰਘ ਫਤਿਹਗੜ ਸਾਹਿਬ,ਅਮਨ ਲੰਬੀ ,ਜਗਦੀਪ ਸਿੰਘ,ਬਿਕਰ ਸਿੰਘ ਮਾਖਾ,ਲਖਵਿੰਦਰ ਸਿੰਘ ਲਾਡੀ ,ਪਰਮਲ ਸਿੰਘ ਧਨੌਲਾ ਵੱਲੋਂ ਕਿਸਾਨ ਆਗੂ ਸੁਰਜੀਤ ਸਿੰਘ ਢੇਰ ਸਮੇਤ ਸੰਘਰਸ਼ ਕਮੇਟੀ ਦੇ ਬਾਕੀ ਸਾਥੀਆਂ ਦੀ ਗ੍ਰਿਫਤਾਰੀ ਦੀ ਸਖਤ ਨਿੰਦਾ ਕੀਤੀ ਗਈ। ਉੱਕਤ ਜਾਣਕਾਰੀ ਜਥੇਬੰਦਕ ਸਕੱਤਰ ਕੰਵਲਜੀਤ ਸੰਗੋਵਾਲ ਨੇ ਸਾਂਝੀ ਕੀਤੀ।

# ਮ੍ਰਿਤਕ ਦੇ ਪਰਵਾਰ ਤੇ ਟਿੱਪਰ ਮਾਲਕ ਵਿਚਾਲੇ ਹੋਇਆ ਸਮਝੌਤਾ



**ਭਲਾਣ (ਹਰਭਜਨ ਢਿੱਲੋਂ)** ਮੁੱਖ ਮਾਰਗ ਸੰਤੋਖਗੜ੍ਹ ਭਲਾਣ ਉੱਤੇ ਪੈਂਦੇ ਪਿੰਡ ਸੁਖਸਾਲ ਵਿਖੇ ਹੋਏ ਹਾਦਸੇ ਵਿੱਚ ਚਾਰ ਨੌਜਵਾਨਾਂ ਉੱਤੇ 28 ਅਗਸਤ ਦੀ ਰਾਤ ਸਾਢੇ ਨੌਂ ਵਜੇ ਦੇ ਕਰੀਬ ਟਿੱਪਰ ਚੜ੍ਹ ਗਿਆ ਸੀ। ਜਿਸ ਵਿੱਚ ਸਤੀਸ਼ ਕੁਮਾਰ ਪੁੱਤਰ ਗੁਰਦਾਸ ਰਾਮ ਪਿੰਡ ਦਿਆਪੁਰ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਹਰਦੀਪ ਸਿੰਘ ਉਰਫ ਮਨੀ ਪੁੱਤਰ ਬਖਸ਼ੀਸ਼ ਸਿੰਘ ਪਿੰਡ ਸੁਖਸਾਲ ਵਾਸੀ ਨੂੰ ਪੀਜੀਆਈ ਚੰਡੀਗੜ੍ਹ ਵਿਖੇ ਦਾਖਲ ਕਰਵਾਇਆ ਗਿਆ ਅਤੇ ਦੋ ਨੌਜਵਾਨ ਹੋਰ ਮਾਮੂਲੀ ਸੱਟਾਂ ਦੇ ਸ਼ਿਕਾਰ ਹੋਏ ਸਨ।

ਮ੍ਰਿਤਕ ਦੇ ਪਰਵਾਰ, ਇਲਾਕਾ ਵਾਸੀ ਅਤੇ ਹੋਰ ਜਥੇਬੰਦੀਆਂ ਨੇ ਪ੍ਰਸ਼ਾਸਨ ਅਤੇ ਪੁਲਸ ਤੱਕ ਪਹੁੰਚ ਕੀਤੀ ਸੀ। ਮਸਲੇ ਦਾ ਹੱਲ ਨਾ ਹੁੰਦਾ ਹੋਏ ਪਰਵਾਰ ਇਲਾਕਾ ਵਾਸੀਆਂ ਅਤੇ ਜਥੇਬੰਦੀਆਂ ਨੇ ਪਿੰਡ ਸੁਖਸਾਲ ਦੀ ਸੜਕ ਉੱਤੇ ਧਰਨਾ ਲਾ ਦਿੱਤਾ ਸੀ। ਦੂਜੇ ਦਿਨ ਤਕ ਚਲੇ ਨਾਨਗਰਾਂ ਸੜਕ ਉੱਤੇ ਧਰਨੇ 'ਤੇ ਸ਼ਾਮ ਕਰੀਬ ਪੰਜ ਵਜੇ ਪਰਵਾਰ ਅਤੇ ਟਿੱਪਰ ਮਾਲਕ ਵਿਚਕਾਰ ਸਮਝੌਤਾ ਹੋ ਗਿਆ। ਮ੍ਰਿਤਕ ਸਤੀਸ਼ ਕੁਮਾਰ ਦੇ ਪਰਵਾਰ ਨੂੰ ਦੋ ਲੱਖ ਰੁਪਏ ਤੇ ਹਰਦੀਪ ਸਿੰਘ ਉਰਫ ਮਨੀ ਸੁਖਸਾਲ ਨੂੰ 50,000 ਰੁਪਏ ਅਤੇ ਪੀ ਜੀ ਆਈ ਚੰਡੀਗੜ੍ਹ ਵਿਖੇ ਸਾਰੇ ਇਲਾਜ ਦਾ ਖਰਚਾ ਚੁੱਕਣ ਲਈ ਟਿੱਪਰ ਮਾਲਕ ਨੇ ਮੰਨਿਆ ਹੈ। ਇਸ ਮੌਕੇ ਇਸ ਮੌਕੇ ਹਰਦੀਪ ਸਿੰਘ ਝੱਜ, ਕਾਮਰੇਡ ਮੋਹਣ ਸਿੰਘ ਧਮਾਣਾ, ਕਾਮਰੇਡ ਤਰਸੇਮ ਸਿੰਘ ਭੱਲੜੀ, ਕਾਮਰੇਡ ਸੁਰਜੀਤ ਸਿੰਘ ਢੇਰ, ਐਡਵੋਕੇਟ ਵਿਸ਼ਾਲ ਸੈਣੀ, ਬੀਰ ਸਿੰਘ ਬੜਵਾ, ਰਣਬੀਰ ਸਿੰਘ ਰੰਧਾਵਾ, ਆਸੂ ਦਘੌੜ ਆਦਿ ਨੇ ਆਏ ਇਲਾਕਾ ਵਾਸੀਆਂ ਤੇ ਜਥੇਬੰਦੀਆਂ ਦਾ ਧਰਨੇ ਵਿੱਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ ਅਤੇ ਧਰਨਾ ਚੁੱਕ ਲਿਆ ਗਿਆ।

# ਸਿੱਖਿਆ ਮੰਤਰੀ ਨੇ ਮੰਗਾਂ ਨੂੰ ਜਲਦੀ ਹੀ ਪੂਰੀਆਂ ਕਰਨ ਦਾ ਦਿੱਤਾ ਭਰੋਸਾ: ਸਿੱਧੂ




**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**-ਈ.ਟੀ.ਟੀ.ਅਧਿਆਪਕ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਪੰਜਾਬ ਭਵਨ ਚੰਡੀਗੜ੍ਹ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਅਧਿਕਾਰੀਆਂ ਨਾਲ ਹੋਈ। ਜਿਸ ਵਿੱਚ ਪੁਰਾਣੀ ਪੈਨਸ਼ਨ ਸਕੀਮ ਦਾ ਨੋਟੀਫਿਕੇਸ਼ਨ ਅਮਲੀ ਰੂਪ ਵਿੱਚ ਲਾਗੂ ਕਰਕੇ ਮੁਲਾਜ਼ਮਾਂ ਦੇ ਸੀ.ਪੀ.ਐਫ. ਖਾਤੇ ਬੰਦ ਕਰਕੇ ਜੀ.ਪੀ.ਐਫ ਕੱਟਣ ਸਬੰਧੀ ਗੱਲਬਾਤ ਹੋਈ। ਜਿਸ 'ਤੇ ਸਿੱਖਿਆ ਮੰਤਰੀ ਨੇ ਕਿਹਾ ਕਿ ਵਿੱਤ ਵਿਭਾਗ ਇਸ ਮਸਲੇ ਤੇ ਕੰਮ ਕਰ ਰਿਹਾ ਹੈ ਜਿਸਦੇ ਸਾਰਥਿਕ ਨਤੀਜੇ ਜਲਦੀ ਸਾਹਮਣੇ ਆਉਣਗੇ। ਇਸ ਤੋਂ ਇਲਾਵਾ ਈਟੀਟੀ ਤੋਂ ਮਾਸਟਰ ਕਾਡਰ ਪ੍ਰਮੋਸ਼ਨ ਦੀ ਫਾਈਲ ਜੋ ਪਰਸੋਨਲ ਵਿਭਾਗ ਕੋਲ ਪੈਂਡਿੰਗ ਪਈ ਹੈ ਉਸਨੂੰ ਕਢਵਾਉਣ ਬਾਰੇ ਗੱਲਬਾਤ ਕੀਤੀ। ਰੈਸ਼ਨੇਲਾਈਜੇਸ਼ਨ ਤਹਿਤ ਜੰਥੇਬੰਦੀ ਨੇ ਮੰਗ ਕੀਤੀ ਕਿ ਹਰ ਸਕੂਲ ਵਿੱਚ ਘੱਟੋਂ ਘੱਟ ਦੋ ਈਟੀਟੀ ਅਧਿਆਪਕ ਲਾਜਮੀ ਰਹਿਣ, ਜਿਸ 'ਤੇ ਸਿੱਖਿਆ ਮੰਤਰੀ ਨੇ ਸਹਿਮਤੀ ਦਿੰਦਿਆਂ ਕਿਹਾ ਕਿ ਹਰ ਸਕੂਲ ਵਿੱਚ ਦੋ ਈਟੀਟੀ ਅਧਿਆਪਕ ਹਰ ਹਾਲਤ ਵਿੱਚ ਰਹਿਣਗੇ, ਕਿਸੇ ਵੀ ਸਕੂਲ ਨੂੰ ਸਿੰਗਲ ਅਧਿਆਪਕ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੇਂਡੂ ਅਤੇ ਬਾਰਡਰ ਭੱਤਾ ਬਹਾਲ ਕਰਨ ਦੀ ਮੰਗ ਕੀਤੀ, ਜਿਸ ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਵਿੱਤ ਵਿਭਾਗ ਨੂੰ ਨੋਟ ਲਿਖ ਚੁੱਕੇ ਹਨ। ਪੇਅ ਅਨਾਮਲੀ ਸਬੰਧੀ ਉਹਨਾਂ ਤੁਰੰਤ ਮੌਕੇ 'ਤੇ ਅਫ਼ਸਰਾਂ ਨੂੰ ਹਦਾਇਤ ਜਾਰੀ ਕੀਤੀ ਕਿ ਜਿਹੜੇ ਜ਼ਿਲ੍ਹੇ ਜਾਂ ਬਲਾਕਾਂ ਵਿੱਚ ਸਰਕਾਰ ਦੇ ਹੁਕਮਾਂ ਦੇ ਬਾਵਜੂਦ ਪੇਅ ਅਨਾਮਲੀ ਦੂਰ ਕਰਨ ਵਿੱਚ ਜੋ ਵੀ ਅੜਿਕੇ ਹਨ ਉਹ ਤੁਰੰਤ ਹੀ ਦੂਰ ਕੀਤੇ ਜਾਣ।2018 ਤੋਂ ਬਾਅਦ ਪ੍ਰਮੋਟ ਹੋਏ ਜਾਂ ਸਿੱਧੀ ਭਰਤੀ ਤਹਿਤ ਭਰਤੀ ਹੋਏ ਅਧਿਆਪਕਾਂ ਦੀ ਟੈਸਟ ਕਾਰਨ ਰੁਕੇ ਭੱਤੇ ਜਾਰੀ ਕਰਨ ਦੀ ਮੰਗ ਸਬੰਧੀ ਉਹਨਾਂ ਕਿਹਾ ਕਿ ਇਹ ਮਸਲਾ ਹੱਲ ਹੈ ਇਸ ਸਬੰਧੀ ਕਹਿ ਦਿੱਤਾ ਗਿਆ ਹੈ। ਸਪੋਰਟਸ ਵਿੱਚ ਮੱਲਾਂ ਮਾਰਨ ਵਾਲੇ ਅਧਿਆਪਕਾਂ ਦੀ ਪ੍ਰਮੋਸ਼ਨ ਸਬੰਧੀ ਕੋਟਾ ਦੇਣ ਦੀ ਵੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਬਦਲੀਆਂ ਉੱਪਰ ਰੋਸਟਰ ਕੋਟਾ ਹਟਾਉਣ ਦੀ ਮੰਗ ਅਤੇ 2012-14 ਬੈਂਜ ਦੇ ਈ. ਜੀ.ਐਸ. ਅਧਿਆਪਕਾਂ ਨੂੰ ਤਨਖਾਹ ਵਾਧਾ ਦੇਣ ਸਬੰਧੀ ਗੱਲਬਾਤ ਹੋਈ ਤਾਂ ਮੰਤਰੀ ਸਾਹਿਬ ਨੇ ਭਰੋਸਾ ਦਿੱਤਾ ਕਿ ਜਲਦ ਹੀ ਇਹਨਾਂ ਅਧਿਆਪਕਾਂ ਦੀ ਤਨਖਾਹ ਵਧਾਈ ਜਾਵੇਗੀ। ਇਸ ਮੌਕੇ ਸੂਬਾ ਆਗੂ ਰਛਪਾਲ ਸਿੰਘ ਵੜੈਚ, ਸੂਬਾ ਕਮੇਟੀ ਮੈਂਬਰ ਜਲੰਧਰ ਸ਼ਿਵਰਾਜ ਸਿੰਘ, ਸੂਬਾ ਕਮੇਟੀ ਮੈਂਬਰ ਮੁਹਾਲੀ ਸ਼ਿਵ ਕੁਮਾਰ ਰਾਣਾ, ਸੂਬਾ ਕਮੇਟੀ ਫਿਰੋਜ਼ਪੁਰ ਵਿਪਨ ਲੋਟਾ, ਜ਼ਿਲ੍ਹਾ ਪ੍ਰਧਾਨ ਕਪੂਰਥਲਾ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਦਵਿੰਦਰ ਸਿੰਘ ਕਪੂਰਥਲਾ, ਸੁਖਵਿੰਦਰ ਸਿੰਘ ਸ੍ਰੀ ਮੁਕਤਸਰ ਸਾਹਿਬ ਸ਼ਾਮਿਲ ਹੋਏ। ਜੰਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਰਾਜੇਸ਼ ਕੁਮਾਰ ਬੁਢਲਾਡਾ ਨੇ ਦੱਸਿਆ ਕਿ ਪੰਜਾਬ ਦੇ ਸਮੂਹ ਅਧਿਆਪਕਾਂ ਨੂੰ ਇਸ ਮੀਟਿੰਗ ਤੋਂ ਵੱਡੀਆਂ ਆਸਾਂ ਹਨ।

# ਸੀ ਪੀ ਆਈ (ਐੱਮ-ਐੱਲ) ਨਿਊ ਡੈਮੋਕਰੇਸੀ ਵੱਲੋਂ ਐਸਮਾ ਲਗਾਉਣ ਦੀ ਨਿਖੇਧੀ

**ਜਲੰਧਰ (ਕੇਸਰ, ਰਾਜੇਸ਼ ਥਾਪਾ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਸੂਬਾ ਕਮੇਟੀ ਨੇ ਕਲਮਛੋੜ ਹੜਤਾਲ ਰਾਹੀਂ ਸੰਘਰਸ਼ ਕਰਨ ਵਾਲੇ ਪਟਵਾਰੀ, ਕਾਨੂੰਨਗੋ ਆਦਿ ਮੁਲਾਜ਼ਮਾਂ ਖਿਲਾਫ਼ ਐਸਮਾ ਐਲਾਨਣ ਜ਼ੋਰਦਾਰ ਨਿਖੇਧੀ ਕੀਤੀ ਹੈ। ਪਾਰਟੀ ਵੱਲੋਂ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਪਾਰਟੀ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਮੰਨਣ ਦੀ ਬਜਾਇ ਐਸਮਾ ਲਾਗੂ ਕਰਕੇ ਮੁਲਾਜ਼ਮਾਂ ਦੀਆਂ ਸੇਵਾਵਾਂ ਖਤਮ ਕਰਨ ਦੇ ਡਰਾਵੇ ਦੇ ਰਹੀ ਹੈ। ਉਨ੍ਹਾਂ ਨੂੰ ਡਰਾ-ਧਮਕਾ ਕੇ ਹੜਤਾਲ ਦੇ ਜਮਹੂਰੀ ਹੱਕ ਤੋਂ ਵਾਂਝਿਆਂ ਕਰ ਰਹੀ ਹੈ। ਦਿੱਲੀ ਦੀ ਕੇਜਰੀਵਾਲ ਸਰਕਾਰ ਪਹਿਲਾਂ ਹੀ ਆਂਗਣਵਾੜੀ ਵਰਕਰਾਂ ਉੱਪਰ ਐਸਮਾ ਲਾਗੂ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਚੁੱਕੀ ਹੈ। ਪੰਜਾਬ ਦੀ ਮਾਨ ਸਰਕਾਰ ਵੀ ਦਿੱਲੀ ਸਰਕਾਰ ਦੇ ਨਕਸ਼ੇ-ਕਦਮਾਂ ਉੱਪਰ ਚਲਦਿਆਂ ਐਸਮਾ ਲਾਗੂ ਕਰਨ ਦੀਆਂ ਧਮਕੀਆਂ ਦੇ ਰਹੀ ਹੈ। ਉਨਾਂ ਕਿਹਾ ਕਿ ਸਰਕਾਰ ਦੀਆਂ ਗਾਰੰਟੀਆਂ ਦਾ ਦੀਵਾਲੀਆਪਨ ਪਹਿਲਾਂ ਜਾਹਰ ਹੋ ਚੁੱਕਾ ਹੈ। ਸਮਾਜ ਦਾ ਹਰ ਵਰਗ ਦੁਖੀ ਹੋਇਆ ਸੰਘਰਸ਼ ਕਰ ਰਿਹਾ ਹੈ, ਜਿਸਨੂੰ ਜਬਰ-ਜ਼ੁਲਮ ਨਾਲ ਦਬਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਉਨਾਂ ਕਿਹਾ ਕਿ ਸਰਕਾਰ ਰਿਸ਼ਵਤ ਰੋਕਣ ਦੇ ਨਾਂਅ ਹੇਠ ਮੁਲਾਜ਼ਮਾਂ ਖਿਲਾਫ਼ ਕਾਰਵਾਈ ਕਰਨ ਦਾ ਬਹਾਨਾ ਬਣਾ ਰਹੀ ਹੈ। ਜੇਕਰ ਮਾਨ ਸਰਕਾਰ ਸਹੀ ਮਾਅਨਿਆਂ ਵਿੱਚ ਰਿਸ਼ਵਤ ਰੋਕਣ ਲਈ ਗੰਭੀਰ ਤੇ ਸੰਜੀਦਾ ਹੈ ਤਾਂ ਉਸਨੂੰ ਇਹ ਕਾਰਵਾਈ ਪਹਿਲਾਂ ਆਪਣੇ ਮੰਤਰੀਆਂ, ਵਿਧਾਇਕਾਂ ਅਤੇ ਉੱਚ ਪ੍ਰਸਾਸ਼ਨਿਕ ਅਧਿਕਾਰੀਆਂ ਖਿਲਾਫ਼ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਦਲਾਅ ਦੇ ਦਾਅਵੇ ਕਰਨ ਵਾਲੀ ਸਰਕਾਰ ਕਾਂਗਰਸ ਤੇ ਹੋਰ ਸਰਕਾਰਾਂ ਵਾਂਗ ਲੋਕਾਂ ਦੀ ਹੱਕੀ ਆਵਾਜ਼ ਨੂੰ ਜਬਰਨ ਦਬਾਉਣ ਦੇ ਰਾਹ ਤੁਰੀ ਹੈ। ਉਨਾਂ ਐਸਮਾ ਤੁਰੰਤ ਵਾਪਸ ਲੈ ਕੇ ਮੁਲਾਜ਼ਮਾਂ ਦੀਆਂ ਹੱਕੀ ਤੇ ਵਾਜਿਬ ਮੰਗਾਂ ਮੰਨਣ ਦੀ ਮੰਗ ਕੀਤੀ।

# ਦਸਮੇਸ਼ ਨਗਰ ਵਿਖੇ ਰੱਖੜ ਪੁੰਨਿਆਂ ਮੌਕੇ ਧਾਰਮਕ ਸਮਾਗਮ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**-ਸ਼੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਵਿਖੇ ਰੱਖੜ ਪੁੰਨਿਆਂ ਦਾ ਧਾਰਮਿਕ ਸਮਾਗਮ ਬੜੀ ਸਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਕੁਮਾਰ ਰਿੰਕਾ ਨੇ ਦੱਸਿਆ ਕਿ ਸਮਾਗਮ ਵਿੱਚ ਸੰਤ ਬਾਬਾ ਜਸਪਾਲ ਸਿੰਘ ਸੇਵਾਦਾਰ ਡੇਰਾ ਬਾਬਾ ਬੰਨਾ ਰਾਮ ਓਡਰੇ ਵਾਲੇ, ਭਾਈ ਸੁਖਵਿੰਦਰ ਸਿੰਘ ਓਡਰੇ ਵਾਲੇ,ਹਜੂਰੀ ਰਾਗੀ ਨਰਿੰਦਰ ਸਿੰਘ, ਉਂਕਾਰ ਸਿੰਘ ਦਸ਼ਮੇਸ਼ ਨਗਰ ਵਾਲੇ ਅਤੇ ਭਾਈ ਜੁਝਾਰ ਸਿੰਘ ਅੱਲੜ ਪਿੰਡ ਵਾਲੇ ਰਾਗੀ ਢਾਡੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ, ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ ਅਤੇ ਗੁਰੂ ਜੀ ਦੇ ਜੀਵਨੀ 'ਤੇ ਚਾਨਣਾ ਪਾਉਂਦੇ ਹੋਏ ਉਹਨਾਂ ਦੇ ਦਰਸਾਏ ਰਸਤੇ 'ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਕੌਂਸਲਰ ਰਾਕੇਸ਼ ਕੁਮਾਰ ਬਿੱਟੂ, ਡਾ:ਬਲਦੇਵ ਰਾਜ,ਕੌਂਸਲਰ ਪੰਕਜ ਸਚਦੇਵਾ, ਕੌਂਸਲਰ ਲਖਵਿੰਦਰ ਸਿੰਘ ਮੁਲਤਾਨ,ਕੌਂਸਲਰ ਕ੍ਰਿਸ਼ਨ ਲਾਲ ਬਿੱਟੂ, ਮਨਦੀਪ ਕੁਮਾਰ ਦੀਪਾ, ਕੁਲਦੀਪ ਸਿੰਘ, ਕਰਮਜੀਤ ਸਿੰਘ, ਜਗਜੀਵਨ ਜੱਗੀ, ਮਾਸਟਰ ਅਮਰੀਕ ਸਿੰਘ, ਦਲਜੀਤ ਸਿੰਘ, ਤਰਸੇਮ ਲਾਲ, ਰਿੰਮੀ,ਮੀਨਾ ਕੁਮਾਰੀ, ਜਸਵਿੰਦਰ ਕਾਕਾ, ਜੀਤ ਲਾਲ , ਚਮਨ ਲਾਲ,ਜਤਿਨ ਭਾਟੀਆ, ਬਲਵੀਰ ਸਿੰਘ ਟਾਂਡਾ ਆਦਿ ਹਾਜ਼ਰ ਸਨ ।

# ਸਟਰੀਟ ਵੈਂਡਰਾਂ ਨੂੰ ਆਰਥਿਕ ਲਾਭ ਦੇਣ ਹਿੱਤ ਇੱਕ ਦਿਨਾ ਵਰਕਸ਼ਾਪ

**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**- ਪ੍ਰਧਾਨ ਮੰਤਰੀ ਸਵਾਨਿਧੀ ਸਕੀਮ ਅਧੀਨ ਸਟ੍ਰੀਟ ਵੈਂਡਰਾਂ ਨੂੰ ਆਰਥਿਕ ਲਾਭ ਦੇਣ ਹਿਤ ਪੀ.ਐਨ.ਬੀ. ਲੀਡ ਜ਼ਿਲ੍ਹਾ ਬੈਂਕ ਦੁਆਰਾ ਐਸ ਐਲ ਬੀ ਸੀ ਪੰਜਾਬ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸਹਿਯੋਗ ਨਾਲ ਨਗਰ ਨਿਗਮ ਦਫਤਰ ਮੋਹਾਲੀ ਵਿਖੇ ਇੱਕ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦਾ ਉਦੇਸ਼ ਸਰਕਾਰ ਦੀ ਲੋਕ ਹਿਤ ਯੋਜਨਾ ਨੂੰ ਅੱਗੇ ਵਧਾ ਕੇ ਸਟ੍ਰੀਟ ਵੈਂਡਰਾਂ ਦੇ ਆਰਥਿਕ ਵਿਕਾਸ ਲਈ ਕਿਫਾਇਤੀ ਕਰਜੇ ਤੱਕ ਸੁਚਾਰੂ ਪਹੁੰਚ ਯਕੀਨੀ ਬਣਾਉਣਾ ਸੀ।

ਚੀਫ ਲੀਡ ਜ਼ਿਲ੍ਹਾ ਮੈਨੇਜਰ ਮੋਹਾਲੀ, ਐਮ ਕੇ ਭਾਰਦਵਾਜ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸਵਾਨਿਧੀ ਯੋਜਨਾ ਤਹਿਤ ਦੇਸ਼ ਭਰ ਵਿੱਚ 38 ਲੱਖ ਤੋਂ ਵੱਧ ਸਟ੍ਰੀਟ ਵਿਕਰੇਤਾਵਾਂ ਨੂੰ 6000 ਕਰੋੜ ਰੁਪਏ ਦੇ ਕਰਜ਼ੇ ਵੰਡੇ ਗਏ ਹਨ। ਵਰਕਸ਼ਾਪ ਦੌਰਾਨ ਉਨ੍ਹਾਂ ਸਟ੍ਰੀਟ ਵੈਂਡਰਾਂ ਨੂੰ ਵੀ ਮਾਨਤਾ ਦਿੱਤੀ ਅਤੇ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਲਾਘਾਯੋਗ ਰਿਣ ਇਤਿਹਾਸ ਦਾ ਰਿਕਾਰਡ ਦਿਖਾਇਆ ਹੈ ਅਤੇ ਡਿਜੀਟਲ ਲੈਣ-ਦੇਣ ਵਿੱਚ ਉੱਤਮ ਪ੍ਰਦਰਸ਼ਨ ਕੀਤਾ ਹੈ। ਇਸ ਤੋਂ ਇਲਾਵਾ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਬੈਂਕ ਅਧਿਕਾਰੀਆਂ ਦੇ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਪ੍ਰਧਾਨ ਮੰਤਰੀ ਸਵਾਨਿਧੀ ਕਰਜ਼ਿਆਂ ਨੂੰ ਸੋਰਸਿੰਗ, ਮਨਜ਼ੂਰੀ ਅਤੇ ਵੰਡਣ ਵਿੱਚ ਦਿਖਾਈ ਕਾਰਗੁਜਾਰੀ ਲਈ ਇਨਾਮ ਦਿੱਤਾ ਗਿਆ। ਸਮਾਰੋਹ ਦੌਰਾਨ 70-80 ਤੋਂ ਵੱਧ ਸਟ੍ਰੀਟ ਵਿਕਰੇਤਾਵਾਂ ਨੂੰ ਮਾਨਤਾ ਦਿੱਤੀ ਗਈ ਅਤੇ ਸਨਮਾਨਿਤ ਕੀਤਾ ਗਿਆ। ਐਲ.ਡੀ.ਐਮ ਮੋਹਾਲੀ ਵੱਲੋਂ ਪੰਜਾਬ ਨੈਸ਼ਨਲ ਬੈਂਕ ਵੱਲੋਂ ਪ੍ਰਧਾਨ ਮੰਤਰੀ ਸਵਾਨਿਧੀ ਦੇ ਈ ਪੋਰਟਲ ਦੀ ਸ਼ੁਰੂਆਤ ਕਰਨ ਬਾਰੇ ਦੱਸਿਆ ਗਿਆ । ਇਹ ਪੋਰਟਲ ਕਰਜ਼ੇ ਦੀ ਪ੍ਰਵਾਨਗੀ ਲਈ ਬੈਂਕਾਂ 'ਚ ਨਿੱਜੀ ਤੌਰ ਤੇ ਜਾਣ ਦੀ ਲੋੜ ਨੂੰ ਖਤਮ ਕਰਦਾ ਹੈ। ਸਟ੍ਰੀਟ ਵੈਂਡਰ ਹੁਣ ਈ ਸਵਨਿਧੀ ਪੋਰਟਲ ਰਾਹੀਂ ਅਰਜੀ ਦੇ ਸਕਦੇ ਹਨ ਅਤੇ ਕਰਜੇ ਦੀ ਰਕਮ ਸਿਰਫ 5-6 ਮਿੰਟਾਂ ਵਿੱਚ ਵੰਡ ਦਿੱਤੀ ਜਾਵੇਗੀ।

ਨਵਜੋਤ ਕੌਰ, ਕਮਿਸ਼ਨਰ, ਐਮ. ਸੀ. ਮੋਹਾਲੀ, ਕਿਰਨ ਸ਼ਰਮਾ, ਸੰਯੁਕਤ ਕਮਿਸ਼ਨਰ, ਮਨਪ੍ਰੀਤ ਸਿੱਧੂ, ਸਹਾਇਕ ਕਮਿਸ਼ਨਰ, ਰੰਜੀਵ ਕੁਮਾਰ, ਸਕੱਤਰ ਐਮ.ਸੀ. ਮੁਹਾਲੀ, ਪਰਵੀਨ ਕੁਮਾਰ ਗੁਗਲਾਨੀ, ਡੀ.ਜੀ.ਐਮ. ਐਸ.ਐਲ.ਬੀ.ਸੀ. ਪੰਜਾਬ, ਰੀਟਾ ਜੁਨੇਜਾ, ਡੀ.ਜੀ.ਐਮ ਸਰਕਲ ਹੈਡ ਮੋਹਾਲੀ, ਅਮਨਦੀਪ ਸਿੰਘ ਡਾਇਰੈਕਟਰ ਪੀ ਐਨ ਬੀ ਪੇਂਡੂ ਸਵੈ ਰੋਜਗਾਰ ਸਿਖਲਾਈ ਸੰਸਥਾ ਮੋਹਾਲੀ, ਕਮਲ ਤਨੇਜਾ, ਪ੍ਰਤੀਨਿਧੀ ਐਸ ਐਲ ਬੀ ਸੀ ਪੰਜਾਬ, ਅਵਤਾਰ ਕਲਸੀਆ, ਸੁਪਰਡੈਂਟ ਐਮ ਸੀ ਮੋਹਾਲੀ ਅਤੇ ਵੱਖ ਵੱਖ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਿੰਗ ਅਫਸਰ ਅਤੇ ਪ੍ਰਮੁੱਖ ਬੈਂਕਾਂ ਜਿਵੇਂ ਕਿ ਪੀ.ਐਨ.ਬੀ., ਐਸ.ਬੀ.ਆਈ., ਬੀ.ਓ.ਬੀ., ਯੂ.ਬੀ.ਆਈ., ਕੇਨਰਾ ਬੈਂਕ, ਇੰਡੀਅਨ ਬੈਂਕ, ਪੀ.ਐਸ.ਬੀ. ਅਤੇ ਯੂ.ਬੀ.ਆਈ. ਦੇ ਸ਼ਾਖਾ ਮੁਖੀ ਵੀ ਮੀਟਿੰਗ ਵਿੱਚ ਹਾਜਰ ਸਨ।

# ਸਵਸਥ ਮਨ-ਸਵਸਥ ਤਨ ਮੁਹਿੰਮ ਅਧੀਨ ਜਾਗਰੂਕਤਾ ਸੈਮੀਨਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਡਾਇਰੈਕਟੋਰੇਟ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਆਈ.ਏ.ਐਸ. ਅਤੇ ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਕੰਨਿਆ ਸਮਾਰਟ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਸੁਸਾਇਟੀ ਹੁਸ਼ਿਆਰਪੁਰ ਵਲੋਂ "ਸਵਸਥ ਮਨ-ਸਵਸਥ ਤਨ" ਮੁਹਿੰਮ ਅਧੀਨ ਜਾਗਰੂਕਤਾ ਸੈਮੀਨਾਰ ਸਕੂਲ ਪ੍ਰਿੰਸੀਪਲ ਲਲੀਤਾ ਅਰੋੜਾ ਦੀ ਪ੍ਰਧਾਨਗੀ ਹੇਠ ਕਰਵਾਇਆ।

ਜਿਸ ਦੌਰਾਨ ਸਿਹਤ ਵਿਭਾਗ ਹੁਸ਼ਿਆਰਪੁਰ ਵਲੋਂ ਕਾਂਉਸਲਰ ਪ੍ਰਸ਼ਾਂਤ ਆਦਿਆ ਅਤੇ ਕਾਂਉਸਲਰ ਸੰਦੀਪ ਕੁਮਾਰੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਕੂਲ ਦੇ ਤਕਰੀਬਨ 2350 ਵਿਦਿਆਰਥੀਆਂ ਅਤੇ ਸਮੂਹ ਅਧਿਆਪਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਿਹਤ ਵਿਭਾਗ ਹੁਸ਼ਿਆਰਪੁਰ ਦੇ ਮਹਿਮਾਨਾਂ ਨੇ ਸਕੂਲ ਵਿਦਿਆਰਥੀਆਂ ਨੂੰ ਯੋਗ ਕਿਰਿਆਵਾਂ ਕਰਵਾਈਆਂ। ਸੰਦੀਪ ਕੁਮਾਰੀ ਕਲੀਨਿਕਲ ਸਾਇਕੋਲੋਜਿਸਟ ਨੇ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਵਿੱਚ ਸਕੂਲ ਦੀ ਵਿਦਿਆਰਥਣ ਸ਼ਾਕਸ਼ੀ ਕਿਕ ਬਾਕਸਿੰਗ ਤੋਂ ਨੈਸ਼ਨਲ ਗੋਲਡ ਮੈਡਲਿਸਟ ਜੇਤੂ ਵਿਸ਼ੇਸ਼ ਤੌਰ 'ਤੇ ਪਹੁੰਚੀ ਤੇ ਬੱਚਿਆਂ ਨੂੰ ਪ੍ਰੋਤਸਾਹਨ ਕੀਤਾ। ਪ੍ਰਿੰਸੀਪਲ ਲਲੀਤਾ ਰਾਣੀ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚੇ ਆਪਣੀ ਰੋਜ਼ਾਨਾ ਜਿੰਦਗੀ ਵਿੱਚ ਯੋਗ ਜਰੂਰ ਅਪਨਾਉਣ। ਜੀਵਨ ਤੇ ਪ੍ਰੀਖਿਆ 'ਚ ਵਧੀਆ ਕਾਰਗੁਜ਼ਾਰੀ ਲਈ ਯੋਗ ਤੇ ਮੈਡੀਟੇਸ਼ਨ ਅਹਿਮ ਭੂਮਿਕਾ ਅਦਾ ਕਰ ਸਕਦੇ ਹਨ।

